## ਅਧਿਆਇ ਛੇਵਾਂ

# ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਕਿਸਾਨੀ ਜੀਵਨ : ਸਮਾਜ-ਸਭਿਆਚਾਰਕ ਅਧਿਐਨ

ਪੰਜਾਬੀ ਕਹਾਣੀ ਵਿਕਾਸ ਦੀ ਨਿਰੰਤਰ ਪ੍ਰਕ੍ਰਿਆ ਵਿਚੋਂ ਗੁਜ਼ਰਦੀ ਹੋਈ ਅੱਜ ਜੇ ਕਿਸੇ ਵਿਸ਼ੇਸ਼ ਜ਼ਿਕਰਯੋਗ ਮੁਕਾਮ 'ਤੇ ਪਹੁੰਚੀ ਹੈ ਅਤੇ ਪੰਜਾਬੀ ਸਾਹਿਤ ਦੀਆਂ ਦੂਜੀਆਂ ਵਿਧਾਵਾਂ ਨਾਲੋਂ ਵਧੇਰੇ ਕਲਾਤਮਕ ਸਮਰਥਾ ਦਾ ਪ੍ਰਗਟਾਅ ਕਰ ਸਕਣ ਦੇ ਯੋਗ ਹੋ ਸਕੀ ਹੈ ਤਾਂ ਇਸ ਪਿੱਛੇ ਯਕੀਨਨ ਸਾਡੇ ਕਹਾਣੀਕਾਰਾਂ ਦੀ ਘਾਲਣਾ ਕਾਰਜਸ਼ੀਲ ਰਹੀ ਹੈ। ਜਦੋਂ ਅਸੀਂ ਪੰਜਾਬੀ ਕਹਾਣੀ ਦੇ ਇਤਹਾਸ 'ਤੇ ਸਰਸਰੀ ਜਿਹੀ ਝਾਤ ਪਾਉਂਦੇ ਹਾਂ ਤਾਂ ਅਸੀਂ ਨਿਸਚੇ ਹੀ ਕੁਝ ਅਜਿਹੇ ਸਮਰੱਥ ਕਹਾਣੀਕਾਰਾਂ ਦੀ ਨਿਸ਼ਾਨਦੇਹੀ ਵੀ ਕਰ ਸਕਦੇ ਹਾਂ ਜਿਨ੍ਹਾਂ ਦੇ ਵਿਸ਼ੇਸ਼ ਯੋਗਦਾਨ ਸਦਕਾ ਪੰਜਾਬੀ ਕਹਾਣੀ ਆਪਣਾ ਵਿਲੱਖਣ ਮੁਹਾਂਦਰਾ ਸਿਰਜ ਸਕਣ ਦੇ ਸਮਰੱਥ ਹੋ ਸਕੀ ਹੈ। ਇਨ੍ਹਾਂ ਵਿਸ਼ੇਸ਼ ਕਹਾਣੀਕਾਰਾਂ ਨੇ ਆਪਣੀ ਵਿਲੱਖਣ ਕਲਾਤਮਕ ਪ੍ਰਤਿਭਾ ਦੀ ਬਦੌਲਤ ਪੰਜਾਬੀ ਕਹਾਣੀ ਦੇ ਇਤਹਾਸ ਵਿਚ ਬਹੁਤ ਕੁਝ ਅਜਿਹਾ ਨਵਾਂ ਜੋੜ ਦਿੱਤਾ ਹੈ, ਜੋ ਉਨ੍ਹਾਂ ਦੀ ਸ਼ਮੂਲੀਅਤ ਤੋਂ ਬ਼ਗੈਰ ਪੰਜਾਬੀ ਕਹਾਣੀ ਦੇ ਇਤਹਾਸ ਵਿਚੋਂ ਨਿਸਚੇ ਹੀ ਗ਼ੈਰ-ਹਾਜ਼ਰ ਰਹਿਣਾ ਸੀ। ਅਜਿਹੇ ਕਹਾਣੀਕਾਰਾਂ ਦੀ ਸੂਚੀ ਵਿਚ ਵਰਿਆਮ ਸਿੰਘ ਸੰਧੂ ਦਾ ਨਾਂ ਸਹਿਜੇ ਹੀ ਸਮਰੱਥ ਕਹਾਣੀਕਾਰ ਵਜੋਂ ਸ਼ਾਮਲ ਕੀਤਾ ਜਾ ਸਕਦਾ ਹੈ। ਉਸਨੇ ਹੁਣ ਤੱਕ *ਲੋਹੇ ਦੇ ਹੱਥ* (1971), *ਅੰਗ ਸੰਗ* (1981), *ਭੱਜੀਆਂ ਬਾਹੀਂ* (1987) ਤੇ *ਚੌਥੀ ਕੂਟ* (1999) ਕਹਾਣੀ-ਸੰਗ੍ਰਹਿ ਰਚੇ ਹਨ। ਉਸਦੀਆਂ ਸਮੁੱਚੀਆਂ ਕਹਾਣੀਆਂ *ਤਿਲ਼ ਫੁੱਲ* (2002) ਤੇ *ਤਿਲ਼ ਫੁੱਲ ਤੇ ਹੋਰ ਕਹਾਣੀਆਂ* (2011) ਸੰਗ੍ਰਹਿ ਵਿਚ ਦਰਜ ਹਨ। ਉਸਨੇ ਚਾਰ ਦਹਾਕਿਆਂ ਦੇ ਸਿਰਜਣਾਤਮਕ ਸਫਰ ਵਿਚ ਕੇਵਲ 34 ਕਹਾਣੀਆਂ ਰਚੀਆਂ ਹਨ। ਇਤਨੀ ਥੋੜ੍ਹੀ

ਗਿਣਤੀ ਵਿਚ ਕਹਾਣੀਆਂ ਰਚਨ ਦੇ ਬਾਵਜੂਦ ਉਹ ਪੰਜਾਬੀ ਦੇ ਉਨ੍ਹਾਂ ਕਹਾਣੀਕਾਰਾਂ ਵਿਚ ਸ਼ੁਮਾਰ ਹੁੰਦਾ ਹੈ ਜਿਨ੍ਹਾਂ ਦੇ ਜ਼ਿਕਰ ਤੋਂ ਬ਼ਗੈਰ ਪੰਜਾਬੀ ਕਹਾਣੀ ਦੀ ਤੋਰ ਨੂੰ ਸਮਝ ਸਕਣਾ ਤੇ ਇਸਦੇ ਸਫਰ ਨੂੰ ਮੁਕੰਮਲ ਕਰ ਸਕਣਾ ਸੰਭਵ ਨਹੀਂ। ਉਸਦੀ ਪੁਸਤਕ *ਚੌਥੀ ਕੂਟ* ਨੂੰ 2000 ਵਿਚ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਪ੍ਰਾਪਤ ਹੋ ਚੁੱਕਾ ਹੈ।

ਵਰਿਆਮ ਸਿੰਘ ਸੰਧੂ ਪੰਜਾਬੀ ਕਹਾਣੀ ਦੇ ਤੀਜੇ ਦੌਰ ਦਾ ਪ੍ਰਮੁੱਖ ਕਹਾਣੀਕਾਰ ਹੈ। ਉਸਦੀ ਹਾਜ਼ਰੀ ਨਾਲ ਪੰਜਾਬੀ ਕਹਾਣੀ ਨਵੀਂ ਕਰਵਟ ਲੈਂਦੀ ਹੈ। ਉਸਨੇ, ਜਿੱਥੇ ਪੰਜਾਬੀ ਕਹਾਣੀ ਨੂੰ ਵਿਸ਼ਾ-ਗਤ ਵਿਵਿਧਤਾ, ਨਵਾਂਪਨ ਤੇ ਅਮੀਰੀ ਬਖ਼ਸ਼ੀ ਹੈ ਉਥੇ ਉਸਦੀ ਕਹਾਣੀ ਕਲਾ ਦੀ ਇਹ ਵੀ ਵਿਲੱਖਣ ਪ੍ਰਾਪਤੀ ਹੈ ਕਿ ਉਸ ਨਾਲ ਪੰਜਾਬੀ ਕਹਾਣੀ ਕਲਾਤਮਕ ਪੱਖੋਂ ਵੀ ਨਵਾਂ ਮੋੜ ਕੱਟਦੀ ਹੈ। ਵਰਿਆਮ ਸਿੰਘ ਸੰਧੂ ਦੀ ਕਹਾਣੀ ਅਕਾਰ ਤੇ ਮਿਆਰ ਪੱਖੋਂ ਜਿੱਥੇ ਸਥਾਪਤ ਮਾਪਦੰਡ ਉਲੰਘਦੀ ਹੈ ਉਥੇ ਰਚਨਾ-ਵਸਤੂ, ਰਚਨਾ-ਵਿਧੀ ਤੇ ਰਚਨਾ-ਦ੍ਰਿਸ਼ਟੀ ਪੱਖੋਂ ਕੁਝ ਨਵੇਂ ਆਯਾਮ ਤਲਾਸ਼ ਕਰਦੀ ਹੋਈ ਨਵੇਂ ਮਾਪਦੰਡ ਕਾਇਮ ਵੀ ਕਰਦੀ ਹੈ। ਇਸ ਪ੍ਰਕਾਰ ਪੰਜਾਬੀ ਕਹਾਣੀ ਦੇ ਇਤਹਾਸ ਵਿਚ ਵਰਿਆਮ ਸਿੰਘ ਸੰਧੂ ਦਾ ਨਾਂ ਇਕ ਵਿਲੱਖਣ ਤੇ ਨਿਵੇਕਲੇ ਕਹਾਣੀਕਾਰ ਵਜੋਂ ਦਰਜ ਹੋ ਜਾਂਦਾ ਹੈ।

ਵਰਿਆਮ ਸਿੰਘ ਸੰਧੂ ਦੀ ਵਿਲੱਖਣਤਾ ਨਿਰਧਾਰਿਤ ਕਰਨ ਲਈ ਜਿੱਥੇ ਉਸਦੀ ਕਥਾ ਸਿਰਜਣਾ ਦੀ ਕਲਾਤਮਕਤਾ ਦੀ ਵਿਆਖਿਆ ਤੇ ਵਿਸ਼ਲੇਸ਼ਣ ਦਰਕਾਰ ਹੈ ਉੱਥੇ ਉਸਦੇ ਵਿਸ਼ੇਸ਼ ਵਿਚਾਰਧਾਰਕ ਦ੍ਰਿਸ਼ਟੀਕੋਣ ਵਿਚੋਂ ਛਣ ਕੇ ਪੇਸ਼ ਹੋਏ ਵਸਤੂ ਜਗਤ ਦੀ ਵਿਸ਼ੇਸ਼ਤਾ ਤੇ ਪੇਸ਼ਕਾਰੀ ਦਾ ਅਧਿਐਨ ਵੀ ਜ਼ਰੂਰੀ ਹੈ। ਜਦੋਂ ਅਸੀਂ ਉਸਦੀ ਕਹਾਣੀ ਦੇ ਵਿਭਿੰਨ ਪੜਾਵਾਂ ’ਤੇ ਮੁਲਾਂਕਣੀ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਸਹਿਜੇ ਹੀ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ ਕਿ ਵਸਤੂ ਦੀ ਪੇਸ਼ਕਾਰੀ ਦੇ ਹਵਾਲੇ ਨਾਲ ਉਸਦੀ ਰਚਨਾਤਮਕਤਾ ਦੇ ਕਈ ਮਹੱਤਵਪੂਰਣ ਦਾਇਰੇ ਬਣਦੇ ਹਨ। ਕਿਸਾਨੀ ਜੀਵਨ ਦੀ ਅਨੁਭੂਤੀ, ਰਾਜਨੀਤਿਕ ਵਰਤਾਰਿਆਂ ਦੇ ਬਣਦੇ-ਬਦਲਦੇ ਸਮੀਕਰਨ, ਖੱਬੇ ਪੱਖੀ ਲਹਿਰ ਦਾ ਕਿਰਦਾਰ,

ਪੰਜਾਬ ਸੰਕਟ ਦੀ ਪੀੜ, ਪੂੰਜੀਵਾਦੀ ਕੀਮਤਾਂ ਦੇ ਪ੍ਰਵੇਸ਼ ਨਾਲ ਪਰਿਵਾਰਕ ਤੇ ਸਮਾਜਕ ਰਿਸ਼ਤਿਆਂ ਵਿਚ ਵਾਪਰ ਰਿਹਾ ਪਰਿਵਰਤਨ, ਪੰਜਾਬ ਦੇ ਧਰਮ, ਇਤਹਾਸ, ਸਭਿਆਚਾਰ ਦੇ ਨਾਲ-ਨਾਲ ਜਾਤੀ-ਹੀਣਤਾ ਦੇ ਸ਼ਿਕਾਰ ਨਿਮਨ ਵਰਗ ਦੀ ਤ੍ਰਾਸਦੀ ਜਿਹੇ ਅਨੇਕ ਸਰੋਕਾਰ ਉਸਦੀ ਰਚਨਾਤਮਕਤਾ ਦਾ ਕੇਂਦਰ ਬਣੇ ਹਨ।

ਸਾਡਾ ਵਾਸਤਾ ਇਥੇ ਵਰਿਆਮ ਸਿੰਘ ਸੰਧੂ ਦੀ ਰਚਨਾਤਮਕਤਾ ਦੇ ਇਕ ਬਹੁਤ ਹੀ ਮਹੱਤਵਪੂਰਣ ਸਰੋਕਾਰ, ਉਸਦੀਆਂ ਕਹਾਣੀਆਂ ਵਿਚ ਪੇਸ਼ ਕਿਸਾਨੀ ਜੀਵਨ ਦੇ ਸਿਰਜਣਾਤਮਕ ਚਿੱਤਰ ਦੀ ਪੇਸ਼ਕਾਰੀ ਨਾਲ ਹੈ। ਵਰਿਆਮ ਸਿੰਘ ਸੰਧੂ ਪਿੰਡ ਦਾ ਜੰਮ-ਪਲ ਹੈ। ਉਸਦੀ ਉਮਰ ਦਾ ਵਧੇਰੇ ਹਿੱਸਾ ਇਸੇ ਸਮਾਜ ਵਿਚ ਵਿਚਰਦਿਆਂ ਤੇ ਇਸਨੂੰ ਬਹੁਤ ਨੇੜੇ ਤੋਂ ਵਾਚਦਿਆਂ ਬੀਤਿਆ ਹੈ। ਉਸਦੀ ਕਹਾਣੀ ਵਿਚ ਪੇਸ਼ ਕਿਸਾਨੀ ਜੀਵਨ ਉਸਦੇ ਹੱਡੀਂ ਹੰਢਾਏ ਅਨੁਭਵ ਦੀ ਪ੍ਰਮਾਣਿਕ ਪੇਸ਼ਕਾਰੀ ਹੈ। ਛੋਟੀ ਤੇ ਦਰਮਿਆਨੀ ਕਿਸਾਨੀ ਦੇ ਵਿਚ-ਵਿਚਾਲੇ ਵਿਚਰਨ ਵਾਲਾ ਵਰਿਆਮ ਸਿੰਘ ਸੰਧੂ ਦਾ ਪਰਿਵਾਰ ਹੌਲੀ-ਹੌਲੀ ਛੋਟੀ ਕਿਸਾਨੀ ਵਿਚ ਤਬਦੀਲ ਹੋ ਗਿਆ ਸੀ। ਕਿਸਾਨੀ ਦੇ ਇਸ ਵਰਗ ਦਾ ਜੀਵਨ ਹਮੇਸ਼ਾ ਲੋੜਾਂ-ਥੁੜਾਂ ਵਿਚ ਗ੍ਰੱਸਿਆ ਰਿਹਾ ਹੈ। ਲੇਖਕ ਨੂੰ ਥੁੜਾਂ ਵਾਲੇ ਇਸ ਜੀਵਨ ਦਾ ਨਿਕਟ ਅਨੁਭਵ ਹੈ। ਬਚਪਨ ਤੋਂ ਹੀ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਤੋਂ ਵਿਰਵਾ ਜੀਵਨ ਬਦਲੇ ਜਾਣ ਦੀ ਤਾਂਘ ਤੇ ਅਭਿਲਾਸ਼ਾ ਸਹਿਜ ਰੂਪ ਵਿਚ ਉਸਦੇ ਅਵਚੇਤਨ ਦਾ ਹਿੱਸਾ ਬਣ ਗਈ ਸੀ।

> ''ਅੱਧੋਰਾਣੇ ਕੱਪੜਿਆਂ ਵਿਚ ਨੰਗੇ ਪੈਰੀਂ ਤਪਦੀ ਤੇ ਠਰਦੀ ਜ਼ਮੀਨ ਉੱਪਰ ਤੁਰਦਿਆਂ ਸਕੂਲ ਜਾਣਾ, ਪੈਰਾਂ ਵਿਚ ਕੰਡੇ ਤੇ ਬੁੱਥੇ ਮਰਵਾਉਂਦਿਆਂ ਵੱਢਾਂ ਵਿਚ ਡੰਗਰ ਚਾਰਨੇ, ਮੇਰਾ ਹੀ ਨਹੀਂ ਮੇਰੇ ਵਰਗੇ ਹੋਰ ਬਹੁਤ ਸਾਰਿਆਂ ਦਾ ਬਚਪਨ ਸੀ। ਜ਼ਿੰਦਗੀ ਦੀਆਂ ਬੁਨਿਆਦੀ ਸਹੂਲਤਾਂ ਤੋਂ ਵਿਰਵਾ ਇਹ

> ਮਾਸੂਮ ਬਚਪਨ ਅੰਦਰੇ-ਅੰਦਰ ਸਵਾਲ ਵੀ ਕਰਦਾ ਸੀ ਕਿ ਨਵੇਂ ਕੱਪੜੇ ਤੇ ਨਵੇਂ ਮੌਜੇ ਪ੍ਰਾਪਤ ਕਰਨ ਦੀ ਇਹ ਰੀਝ ਅਕਸਰ ਇਕ ਫ਼ਸਲ ਤੋਂ ਦੂਜੀ ਫ਼ਸਲ ਦੇ ਆਉਣ ਤੱਕ ਕਿਉਂ ਟਾਲੀ ਜਾਂਦੀ ਸੀ। ... ਜਦੋਂ ਮੈਂ ਕਲਮ ਚੁੱਕੀ ਤਾਂ ਥੁੜਾਂ ਮਾਰੀ ਲਾਹਨਤ ਭਰੀ ਇਸ ਜ਼ਿੰਦਗੀ ਨੂੰ ਬਦਲਣ ਦੀ ਤਾਂਘ ਅਚੇਤ ਹੀ ਮੇਰੇ ਅੰਦਰ ਉੱਸਲ ਵੱਟੇ ਭੰਨ ਰਹੀ ਸੀ।''[1]

ਜ਼ਾਹਰ ਹੈ ਕਿ ਲੇਖਕ ਇਸ ਥੁੜਾਂ ਮਾਰੀ ਜ਼ਿੰਦਗੀ ਦੇ ਅੰਗ-ਸੰਗ ਜੀਵਿਆ ਵਿਚਰਿਆ ਹੈ। ਇਸ ਜ਼ਿੰਦਗੀ ਨੂੰ ਬਦਲਣ ਲਈ ਤੇ ਆਪਣੇ ਸੁਪਨਿਆਂ ਦੇ ਹਾਣ ਦਾ ਸਮਾਜ ਸਿਰਜਣ ਦੀ ਅਭਿਲਾਸ਼ਾ ਅਧੀਨ ਜਦੋਂ ਉਹ ਕਹਾਣੀ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸਦੀ ਪ੍ਰਤਿਬੱਧਤਾ ਦੋ ਪ੍ਰਕਾਰ ਦੀ ਸੀ। ਉਹ ਲੇਖਕ ਵਜੋਂ ਵੀ ਅਤੇ ਸਰਗਰਮ ਰਾਜਨੀਤਿਕ ਕਾਰਕੁੰਨ ਵਜੋਂ ਵੀ ਸਮਾਜ ਨੂੰ ਬਦਲਣ ਦਾ ਚਾਹਵਾਨ ਸੀ। ਉਸਦੇ ਪਹਿਲੇ ਕਹਾਣੀ ਸੰਗ੍ਰਹਿ *ਲੋਹੇ ਦੇ ਹੱਥ* ਦੀਆਂ ਬਹੁਤੀਆਂ ਕਹਾਣੀਆਂ ਵਿਚ ਉਸਦਾ ਮਕਸਦ ਸਾਹਿਤ ਨੂੰ ਸਮਾਜਕ-ਰਾਜਨੀਤਿਕ ਤਬਦੀਲੀ ਲਈ ਇਕ ਹਥਿਆਰ ਦੇ ਤੌਰ 'ਤੇ ਵਰਤਣਾ ਸੀ।

> ''ਲੋਹੇ ਦੇ ਹੱਥ ਵਿਚ ਵਿਸ਼ੇਸ਼ ਰਾਜਨੀਤਿਕ ਵਿਚਾਰਧਾਰਾ ਨੂੰ ਕਹਾਣੀ ਦੇ ਮਾਧਿਅਮ ਰਾਹੀਂ ਪੇਸ਼ ਕਰਨ ਦਾ ਕਲਾਤਮਕ ਯਤਨ ਕੀਤਾ ਗਿਆ ਸੀ, ਪਰ ਕਈ ਥਾਈਂ ਵਿਚਾਰ ਨੂੰ ਅਗਰਭੂਮੀ ਵਿਚ ਸਥਾਨ ਦੇਣ ਕਰਕੇ ਕਲਾਤਮਕਤਾ ਪਿੱਛੇ ਵੀ ਚਲੀ ਜਾਂਦੀ ਸੀ। ਮੇਰੇ ਦੂਜੇ ਕਹਾਣੀ ਸੰਗ੍ਰਹਿ ਅੰਗ ਸੰਗ ਦੇ ਪ੍ਰਕਾਸ਼ਨ ਨਾਲ ਮੈਂ . . . ਅਸਲੋਂ ਹੀ ਵੱਖਰੇ ਰੰਗ ਵਾਲੇ ਕਹਾਣੀਕਾਰ ਵਜੋਂ ਸਥਾਪਤ

ਹੋ ਗਿਆ। ਹੁਣ ਮੈਂ ਕਿਸੇ ਸਿੱਧਾਂਤ ਦਾ ਜ਼ਾਹਿਰਾ ਪਰਚਾਰ ਕਰਨ ਤੋਂ ਟੇਢ ਵੱਟ ਲਈ। ... ਹੁਣ ਮੇਰਾ ਦ੍ਰਿਸ਼ਟੀਕੋਣ ਰਚਨਾ ਦੇ ਸਮੁੱਚੇ ਸੰਗਠਨ ਦੀ ਵਿਉਂਤਬੰਦੀ ਵਿਚ ਲੁਪਤ ਸੀ। ਵਿਧਾ ਪੱਖ ਤੋਂ ਜਿੱਥੇ ਮੈਂ ਵਧੇਰੇ ਸੁਚੇਤ ਅਤੇ ਚੇਤੰਨ ਹੋਇਆ ਓਥੇ ਮੈਂ ਇਹ ਵੀ ਸੋਚਿਆ ਕਿ ਮੈਨੂੰ ਓਸੇ ਜੀਵਨ ਯਥਾਰਥ ਨੂੰ ਪੇਸ਼ ਕਰਨਾ ਚਾਹੀਦਾ ਹੈ ਜੋ ਮੈਂ ਅਤੇ ਮੇਰੇ ਪਰਿਵਾਰ ਜਾਂ ਨੇੜਲੇ ਸਮਾਜ ਦੇ ਲੋਕ ਭੋਗਦੇ ਪਏ ਸਨ। . . . ਵਸਤੂ ਦੇ ਪੱਧਰ ਤੇ ਜਿੱਥੇ ਮੇਰੀ ਪਹਿਲੇ ਦੌਰ ਦੀ ਕਹਾਣੀ ਦੀ ਪਛਾਣ 'ਰਾਜਨੀਤਿਕ ਚੇਤਨਾ ਦੀ ਕਹਾਣੀ' ਵਾਲੀ ਬਣੀ; ਓਥੇ ਮੇਰੀ ਦੂਜੀ ਪਛਾਣ 'ਕਿਰਸਾਣੀ ਜੀਵਨ ਦੇ ਕਹਾਣੀਕਾਰ' ਵਜੋਂ ਬਣੀ।''[2]

ਇਹੋ ਕਾਰਣ ਹੈ ਕਿ ਉਸਦੀਆਂ ਕਹਾਣੀਆਂ ਵਿਚ ਪੇਸ਼ ਹੋਇਆ ਕਿਸਾਨੀ ਦਾ ਜੀਵਨ ਚਿਤਰ ਜਿਸ ਕਲਾਤਮਕਤਾ ਨਾਲ ਆਕਾਰ ਗ੍ਰਹਿਣ ਕਰਦਾ ਹੈ ਉਸ ਵਰਗਾ ਕਿਸਾਨੀ ਦਾ ਬਹੁ-ਪਰਤੀ ਤੇ ਪ੍ਰਮਾਣਿਕ ਜੀਵਨ ਚਿਤਰ ਪੇਸ਼ ਕਰ ਸਕਣਾ ਉਸਦੇ ਕਿਸੇ ਵੀ ਹੋਰ ਸਮਕਾਲੀ ਦੇ ਹਿੱਸੇ ਨਹੀਂ ਆਇਆ। ਵਰਿਆਮ ਸਿੰਘ ਸੰਧੂ ਨੇ ਜਿਸ ਸ਼ਿੱਦਤ ਅਤੇ ਗਹਿਰਾਈ ਨਾਲ ਕਿਸਾਨੀ ਜੀਵਨ ਦੀਆਂ ਵਿਭਿੰਨ ਪਰਤਾਂ ਫਰੋਲੀਆਂ ਹਨ ਉਹਨਾਂ ਨੇ ਉਸਦੀ ਵਿਸ਼ੇਸ਼ਤਾ ਆਪਣੇ ਵਰਗਾ ਆਪ ਹੋਣ ਵਿਚ ਸਥਾਪਤ ਕਰ ਦਿੱਤੀ ਹੈ : ਇਕ ਕਹਾਣੀਕਾਰ ਵਜੋਂ ਵਰਿਆਮ ਸਿੰਘ ਸੰਧੂ ਬਾਰੇ ਸਭ ਤੋਂ ਉੱਘੜਵਾਂ ਤੱਥ ਇਹ ਹੈ ਕਿ ਉਸਦੀ ਰਚਨਾ ਦਾ ਆਧਾਰ ਅਨੁਭਵੀ ਯਥਾਰਥ ਹੈ - ਨਿਮਨ ਕਿਰਸਾਣੀ ਦਾ ਯਥਾਰਥ। ਪਿੰਡ ਦੀ ਕਿਸਾਨੀ ਆਪਣੇ ਆਰਥਕ, ਸਮਾਜਕ, ਸਭਿਆਚਾਰਕ, ਰਾਜਨੀਤਿਕ ; ਸਭ ਪ੍ਰਕਾਰ ਦੇ ਸਰੋਕਾਰਾਂ ਸਹਿਤ ਉਸਦੀ ਰਚਨਾ ਵਿਚੋਂ ਯਥਾਰਥਕ ਰੂਪ ਵਿਚ ਉਭਰਦੀ ਹੈ।[3]

ਇਸ ਪੱਖੋਂ ਉਹ ਕਿਸਾਨੀ ਜੀਵਨ ਦਾ ਚਿਤਰਣ ਕਰਨ ਵਾਲੇ ਆਪਣੇ ਪੂਰਬਲੇ ਕਹਾਣੀਕਾਰਾਂ

ਸੰਤ ਸਿੰਘ ਸੇਖੋਂ ਅਤੇ ਕੁਲਵੰਤ ਸਿੰਘ ਵਿਰਕ ਆਦਿ ਨਾਲੋਂ ਵੀ ਅਸਲੋਂ ਵੱਖਰਾ ਖਲੋਤਾ ਦਿਖਾਈ ਦੇਂਦਾ ਹੈ। ਇਸ ਵੱਖਰਤਾ ਦਾ ਕਾਰਣ ਇਹ ਹੈ ਕਿ ਉਸ ਤੋਂ ਪਹਿਲੇ ਦੌਰ ਦੇ ਕਹਾਣੀਕਾਰਾਂ ਕੋਲ ਉਨ੍ਹਾਂ ਦੇ ਲਿਖਣ ਕਾਲ ਦੇ ਪਿਛਲੇਰੇ ਦੌਰ ਵਿਚ, ਪਿੰਡ ਦਾ ਸਿੱਧਾ ਅਨੁਭਵ ਨਹੀਂ ਰਿਹਾ ਸੀ। ਸ਼ਹਿਰ ਵਿਚ ਜਾ ਕੇ ਵੱਸਣ ਤੇ ਪਿੰਡ ਤੋਂ ਟੁੱਟ ਜਾਣ ਕਰਕੇ ਪਿੰਡ ਹੁਣ ਕੇਵਲ ਉਨ੍ਹਾਂ ਦੀਆਂ ਯਾਦਾਂ ਵਿਚ ਹੀ ਰਹਿ ਗਿਆ ਸੀ। ਨਵੇਂ ਹਾਲਾਤ ਮੁਤਾਬਿਕ ਪਿੰਡ ਦੇ ਜੀਵਨ-ਦ੍ਰਿਸ਼ 'ਤੇ ਵਾਪਰ ਰਹੀਆਂ ਤਬਦੀਲੀਆਂ ਉਨ੍ਹਾਂ ਦੇ ਅਨੁਭਵ ਤੋਂ ਪਰ੍ਹੇ ਦੀ ਵਸਤੂ ਬਣ ਗਈਆਂ ਹੋਣ ਕਰਕੇ ਇਨ੍ਹਾਂ ਦੀ ਪ੍ਰਮਾਣਕ ਪੇਸ਼ਕਾਰੀ ਉਨ੍ਹਾਂ ਦੀ ਰਚਨਾ ਦਾ ਹਿੱਸਾ ਬਣ ਸਕਣਾ ਸੰਭਵ ਨਹੀਂ ਸੀ ਰਿਹਾ। ਅਨੁਭਵ ਦੀ ਇਸ ਕਮੀ ਨੂੰ ਕੁਲਵੰਤ ਸਿੰਘ ਵਿਰਕ ਨਾਵਲਕਾਰ ਗੁਰਦਿਆਲ ਸਿੰਘ ਨਾਲ ਇਕ ਮੁਲਾਕਾਤ ਵਿਚ ਤਸਲੀਮ ਵੀ ਕਰਦਾ ਹੈ। ਨਾਵਲਕਾਰ ਕਰਮਜੀਤ ਸਿੰਘ ਕੁੱਸਾ ਦੇ ਹਵਾਲੇ ਨਾਲ ਗੱਲ ਕਰਦਿਆਂ ਹੋਇਆ ਵਿਰਕ ਮੰਨਦਾ ਹੈ ਕਿ ਪਿੰਡਾਂ ਦੇ ਤੇ ਵਿਸ਼ੇਸ਼ ਕਰਕੇ ਕਿਸਾਨੀ ਦੇ ਅਜੋਕੇ ਹਾਲਾਤ ਬਾਰੇ ਉਹ ਜਾਣੂ ਨਹੀਂ, "ਮੈਂ ਬਿਲਕੁਲ ਕੰਪਲੀਟ ਸਟਰੇਂਜਰ ਹਾਂ ਅੱਜ ਦੀ ਵਿਲੇਜ ਲਾਈਫ਼ ਦਾ। (ਇਸਦਾ) ਵਰਿਆਮ ਨੂੰ ਪਤਾ ਹੋਣੈ। ਓਸੇ ਨੂੰ ਪਤਾ ਹੋ ਸਕਦੈ।"[4]

ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਲੇਖਕ ਦੀ ਸਾਹਿਤ ਰਚਨਾ ਵਿਚ ਵਿਲੱਖਣ ਪ੍ਰਾਪਤੀ ਪਿੱਛੇ ਉਸਦੀ ਪ੍ਰਤਿਭਾ ਦਾ ਦਖ਼ਲ ਹੁੰਦਾ ਹੈ, ਪਰ ਇਸ ਵਿਚ ਵੀ ਸ਼ੱਕ ਨਹੀਂ ਕਿ ਬੰਦਾ ਆਪਣੇ ਸਮਿਆਂ ਦੀ ਸਿਰਜਣਾ ਵੀ ਹੁੰਦਾ ਹੈ : "ਜੀਵਨ ਦੇ ਦੂਜੇ ਖੇਤਰਾਂ ਵਾਂਗ ਸਾਹਿਤ ਅਤੇ ਕਲਾ ਦੇ ਖੇਤਰ ਵਿਚ ਵੀ ਹਰ ਗੌਲਣਯੋਗ ਪ੍ਰਤਿਭਾ ਆਪਣੇ ਸਮਿਆਂ ਦੇ ਯਥਾਰਥ ਵਿਚੋਂ ਹੀ ਉਭਰਦੀ ਹੈ। ਪ੍ਰਾਪਤ ਯਥਾਰਥ ਦੇ ਵਿਭਿੰਨ ਪਾਸਾਰਾਂ ਵਿਚ ਜੋ ਤਬਦੀਲੀਆਂ ਵਾਪਰਦੀਆਂ ਹਨ, ਉਨ੍ਹਾਂ ਤਬਦੀਲੀਆਂ ਨੂੰ ਕਲਾਤਮਕ ਪ੍ਰਗਟਾਅ ਦੇਣ ਲਈ ਉਨ੍ਹਾਂ ਤਬਦੀਲੀਆਂ ਸਦਕਾ ਹੀ ਨਵੀਆਂ ਪ੍ਰਤਿਭਾਵਾਂ ਨਮੂਦਾਰ ਹੁੰਦੀਆਂ ਹਨ। ਵਰਿਆਮ ਸਿੰਘ ਸੰਧੂ ਨੂੰ ਇੰਜ ਹੀ ਵੇਖਿਆ ਜਾ ਸਕਦਾ ਹੈ।"[5]

ਕਿਸਾਨੀ ਸਮਾਜ ਵਿਚਲੇ ਜਿਹੜੇ ਨਵੇਂ ਯਥਾਰਥ ਦੀ ਪੇਸ਼ਕਾਰੀ ਵਰਿਆਮ ਸਿੰਘ ਸੰਧੂ ਦੀਆਂ

ਕਹਾਣੀਆਂ ਵਿਚ ਹੋਈ, ਸਭ ਤੋਂ ਪਹਿਲਾਂ ਸਾਨੂੰ ਇਸ ਯਥਾਰਥ ਦੀ ਨਿਸ਼ਾਨਦੇਹੀ ਕਰ ਲੈਣੀ ਚਾਹੀਦੀ ਹੈ, ਕਿਉਂਕਿ ਆਲੋਚਨਾ ਦਾ ਕਾਰਜ ਕਿਸੇ ਵਿਸ਼ੇਸ਼ ਰਚਨਾ ਜਾਂ ਰਚਨਾਕਾਰ ਨੂੰ ਵਿਸ਼ੇਸ਼ਣੀ ਟਿੱਪਣੀਆਂ ਨਾਲ ਵਡਿਆਏ ਜਾਣ ਦੀ ਥਾਂ ਉਸਦੀ ਰਚਨਾ ਦੇ ਗੰਭੀਰ ਮੁਲਾਂਕਣ ਤੇ ਵਿਸ਼ਲੇਸ਼ਣ ਵਿਚ ਨਿਹਿਤ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਜੇ ਅਸੀਂ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਬਾਰੇ ਕੋਈ ਸੰਤੁਲਿਤ ਰਾਏ ਕਾਇਮ ਕਰਨੀ ਹੈ ਤਾਂ ਇਹ ਉਸਦੀਆਂ ਰਚਨਾਵਾਂ ਦੇ ਗੰਭੀਰ ਅਧਿਐਨ 'ਤੇ ਆਧਾਰਿਤ ਹੋਣੀ ਚਾਹੀਦੀ ਹੈ ਅਤੇ ਇਸ ਲਈ ਜ਼ਰੂਰੀ ਹੈ ਕਿ ਅਸੀਂ ਵਿਧੀ-ਵੱਤ ਢੰਗ ਨਾਲ ਉਸਦੀਆਂ ਕਹਾਣੀਆਂ ਵਿਚ ਪੇਸ਼ ਕਿਸਾਨੀ ਸਮਾਜ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਈਏ। ਵਰਿਆਮ ਸਿੰਘ ਸੰਧੂ ਦਾ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਉਸ ਸਮੇਂ ਹੁੰਦਾ ਹੈ ਜਦ ਪਿੰਡ ਦੀ ਪੱਧਰ 'ਤੇ ਹਰੇ ਇਨਕਲਾਬ ਦੀ ਨੀਂਹ ਰੱਖੀ ਜਾ ਰਹੀ ਸੀ। ਹਰੇ ਇਨਕਲਾਬ ਦੀ ਆਮਦ ਨਾਲ ਖੇਤੀ ਦਾ ਮਸ਼ੀਨੀਕਰਣ ਹੋਣਾ ਸ਼ੁਰੂ ਹੋਇਆ, ਨਵੇਂ ਬੀਜ, ਰਸਾਇਣਕ ਖਾਦਾਂ, ਕੀੜੇ ਮਾਰ ਦਵਾਈਆਂ ਦੀ ਵਰਤੋਂ ਹੋਣ ਲੱਗੀ। ਜਿਹੜੇ ਲੋਕ ਇਨ੍ਹਾਂ ਦਾ ਸਮੇਂ ਸਿਰ ਪ੍ਰਯੋਗ ਕਰ ਸਕਣ ਦੇ ਸਮਰਥ ਸਨ ਉਨ੍ਹਾਂ ਲਈ ਖੇਤੀ ਲਾਹੇਵੰਦਾ ਧੰਦਾ ਬਣਨ ਲੱਗੀ। ਜਿਨ੍ਹਾਂ ਕੋਲ ਖੇਤੀ 'ਤੇ ਲਾਉਣ ਲਈ ਸਰਮਾਇਆ ਸੀ ਉਨ੍ਹਾਂ ਲਈ ਹਰਾ ਇਨਕਲਾਬ ਤੱਰਕੀ ਤੇ ਨਵੀਂ ਜੀਵਨ-ਜਾਚ ਦੇ ਦਰਵਾਜੇ ਖੋਲ੍ਹ ਗਿਆ ਤੇ ਪਿੰਡ ਦੇ ਦ੍ਰਿਸ਼ 'ਤੇ ਧਨੀ ਕਿਸਾਨੀ ਦਾ ਇਹ ਵਰਗ ਉੱਭਰ ਕੇ ਸਾਹਮਣੇ ਆਇਆ। ਫਸਲਾਂ ਦੇ ਵਧੇ ਝਾੜ ਅਤੇ ਮਿਲਦੇ ਚੰਗੇ ਮੁੱਲ ਨੇ ਇਸ ਵਰਗ ਨੂੰ ਅਮੀਰ ਬਣਾ ਦਿੱਤਾ। ਜਿਨਸਾਂ ਤੋਂ ਪ੍ਰਾਪਤ ਸਰਮਾਇਆ ਹੋਰ ਪੈਸਾ ਕਮਾਉਣ ਦੇ ਲਾਲਚ ਵੱਸ ਜਿਥੇ ਛੋਟੀ ਕਿਸਾਨੀ ਦੀ ਜ਼ਮੀਨ ਹਥਿਆਉਣ ਦਾ ਸਬੱਬ ਬਣਨ ਲੱਗਾ, ਉੱਥੇ ਹੋਰ ਲਾਭਕਾਰੀ ਧੰਦਿਆਂ ਵਿਚ ਵਰਤੇ ਜਾਣ ਕਰਕੇ ਇਹ ਪੈਸਾ ਪੂੰਜੀ ਵਿਚ ਤਬਦੀਲ ਹੋਣ ਲੱਗਾ। ਧਨੀ ਕਿਸਾਨੀ ਸਿਰਫ਼ ਪਿੰਡ ਦੇ ਦ੍ਰਿਸ਼ 'ਤੇ ਹੀ ਨਹੀਂ ਸਗੋਂ ਸਿਆਸਤ ਦੇ ਖੇਤਰ ਵਿਚ ਵੀ ਮਹੱਤਵਪੂਰਣ ਸਥਾਨ ਗ੍ਰਹਿਣ ਕਰਨ ਲੱਗੀ।

ਹਰੇ ਇਨਕਲਾਬ ਦੀ ਆਮਦ ਨਾਲ ਖੇਤੀ ਦੀ ਉਪਜ ਵਧੀ ਤਾਂ ਸਹੀ ਪਰ ਖੇਤੀ ਕਰਨੀ ਵੀ

ਮਹਿੰਗੀ ਹੋ ਗਈ। ਮਹਿੰਗੀ ਖੇਤੀ ਦੀ ਸਭ ਤੋਂ ਵੱਧ ਮਾਰ ਛੋਟੀ ਕਿਸਾਨੀ ਨੂੰ ਪਈ। ਇਸ ਨਵੀਂ ਖੇਤੀ ਤਕਨੀਕ ਦੀਆਂ ਮੁੱਢਲੀਆਂ ਜ਼ਰੂਰਤਾਂ ਦੀ ਪੂਰਤੀ ਲਈ ਉਸ ਕੋਲ ਸਰਮਾਇਆ ਨਾ ਹੋਣ ਦੀ ਸੂਰਤ ਵਿਚ ਉਸਨੂੰ ਧਨੀ ਕਿਸਾਨ, ਆੜ੍ਹਤੀਏ ਜਾਂ ਸਹਿਕਾਰੀ ਬੈਂਕਾਂ ਤੋਂ ਕਰਜ਼ਾ ਲੈਣ ਪੈਂਦਾ। ਪਰ ਇਹ ਕਰਜ਼ਾ ਬਹੁਤੀ ਵਾਰ ਖੇਤੀ 'ਤੇ ਖ਼ਰਚੇ ਜਾਣ ਦੀ ਥਾਂ ਘਰੇਲੂ ਤੇ ਸਮਾਜਕ ਲੋੜਾਂ ਦੀ ਪੂਰਤੀ ਹਿਤ ਵਰਤਿਆ ਜਾਂਦਾ : ''ਪੰਜਾਬ ਦੀ ਨਿਮਨ ਕਿਰਸਾਣੀ ਕੋਲ ਖੇਤੀ ਲਈ ਲੋੜੀਂਦੇ ਸਾਧਨਾਂ ਦੀ ਅਣਹੋਂਦ ਅਤੇ ਆਰਥਕ ਅਸਮਰਥਾ ਕਾਰਨ ਉਸਦੀ ਦਸ਼ਾ ਦਿਨੋ ਦਿਨ ਨਿਘਰਨ ਲੱਗੀ ਅਤੇ ਇਹ ਸ਼੍ਰੇਣੀ ਹੌਲੀ ਹੌਲੀ ਕੰਗਾਲੀਕਰਨ ਦੀ ਪ੍ਰਕ੍ਰਿਆ ਵਿਚ ਪੈ ਗਈ। ਨਿਮਨ ਕਿਰਸਾਣੀ ਦੀਆਂ ਜ਼ਮੀਨਾਂ ਗਹਿਣੇ ਪੈਣ ਤੇ ਵਿਕਣ ਲੱਗੀਆਂ ਅਤੇ ਉਸਦਾ ਇਕ ਵੱਡਾ ਹਿੱਸਾ ਕਿਰਸਾਣੀ ਤੋਂ ਕਿਰਤੀ-ਮਜ਼ਦੂਰ ਬਣਨ ਦੇ ਰਾਹੇ ਪੈ ਗਿਆ। ਮੈਂ ਨਿਮਨ-ਕਿਰਸਾਣੀ ਦੇ ਦਿਨੋ ਦਿਨ ਨਿਘਾਰ ਵੱਲ ਤੁਰੇ ਜਾਣ ਦਾ ਚਸ਼ਮਦੀਦ ਗਵਾਹ ਸਾਂ। ਸੱਚੀ ਗੱਲ ਤਾਂ ਇਹ ਸੀ ਕਿ ਮੈਂ ਇਸ ਸ਼੍ਰੇਣੀ ਦਾ ਹਿੱਸਾ ਸਾਂ। ਛੋਟੇ ਕਿਰਸਾਣ ਦੀਆਂ ਲੋੜਾਂ ਅਤੇ ਤੰਗੀਆਂ ਤੁਰਸ਼ੀਆਂ ਨੂੰ ਮੈਂ ਹੱਡੀਂ ਹੰਢਾਇਆ ਸੀ।''[6]

ਇਨ੍ਹਾਂ ਸਮਿਆਂ ਵਿਚ ਪੰਜਾਬ ਦਾ ਆਰਥਕ, ਸਮਾਜਕ ਤੇ ਰਾਜਨੀਤਿਕ ਜੀਵਨ ਤੇਜ਼ੀ ਨਾਲ ਤਬਦੀਲ ਹੋਣ ਲੱਗਾ। ਜੀਵਨ ਵਿਚ ਕੁਝ ਚੰਗਾ ਵਾਪਰ ਜਾਣ ਦਾ ਸੁਪਨਾ ਖੰਡਿਤ ਹੋਣ ਲੱਗਾ। ਪੈਸੇ ਦੀ ਸਰਦਾਰੀ ਹੋਣ ਕਰਕੇ ਮੰਡੀ ਕੀਮਤਾਂ ਦਾ ਪ੍ਰਚਲਣ ਹੋਣ ਲੱਗਾ। ਇਨਸਾਨੀ ਗੁਣ ਖੁਰਨ ਲੱਗੇ ਤੇ ਸਮੂਹ ਜਾਂ ਸਮਾਜ ਦੀ ਭਲਾਈ ਦੀਆਂ ਕੀਮਤਾਂ ਦੀ ਥਾਂ ਵਿਅਕਤੀ ਦਾ ਨਿੱਜ ਪ੍ਰਮੁੱਖਤਾ ਹਾਸਲ ਕਰਨ ਲੱਗਾ। ਨਵੀਆਂ ਸਥਾਪਿਤ ਹੋ ਰਹੀਆਂ ਪੈਸਾ ਆਧਾਰਿਤ ਕੀਮਤਾਂ ਨੇ ਸਬਰ-ਸੰਤੋਖ, ਸੋਚ, ਵਿਸ਼ਵਾਸ ਅਤੇ ਈਮਾਨਦਾਰੀ ਨੂੰ ਹੌਲੀ-ਹੌਲੀ ਨਿਗਲਣਾ ਸ਼ੁਰੂ ਕਰ ਦਿੱਤਾ। ਵਰਿਆਮ ਸਿੰਘ ਸੰਧੂ ਕਿਸਾਨੀ ਜੀਵਨ ਵਿਚ ਦ੍ਰਿਸ਼ਟੀਗੋਚਰ ਹੋਣ ਵਾਲੀ ਇਸ ਸਿਫ਼ਤੀ ਤਬਦੀਲੀ ਨੂੰ ਆਪਣੀਆਂ ਕਹਾਣੀਆਂ ਵਿਚ ਫੜਨ ਦੇ ਆਹਰ ਲੱਗ ਗਿਆ। ਭਾਵੇਂ ਉਸਨੇ ਪਿੰਡ ਦੇ ਦ੍ਰਿਸ਼ 'ਤੇ ਵਿਚਰਣ ਵਾਲੀਆਂ ਵਿਭਿੰਨ ਸ਼੍ਰੇਣੀਆਂ ਨੂੰ ਵੀ ਕਹਾਣੀ ਦੀ ਰਚਨਾ ਵਸਤੂ ਬਣਾਇਆ ਤੇ ਉਸਦੀਆਂ ਕਹਾਣੀਆਂ

ਵਿਚ ਪੰਜਾਬ ਦੇ ਪਿੰਡ ਦਾ ਜੀਵਨ ਸਮੁੱਚਤਾ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ, ਤਦ ਵੀ ਉਸਦੀਆਂ ਕਹਾਣੀਆਂ ਪਿੰਡ ਦੀ ਪੱਧਰ 'ਤੇ ਜੀਣ ਲਈ ਸੰਘਰਸ਼ਸ਼ੀਲ ਦਰਮਿਆਨੀ ਤੇ ਹੇਠਲੀ ਕਿਸਾਨੀ ਨੂੰ ਆਪਣਾ ਆਧਾਰ ਬਣਾਉਂਦੀਆਂ ਹਨ। ਇਹ ਵੀ ਨਹੀਂ ਕਿ ਛੋਟੀ ਕਿਸਾਨੀ ਦੀ ਦਸ਼ਾ ਹਰੇ ਇਨਕਲਾਬ ਦੀ ਆਮਦ ਨਾਲ ਹੀ ਆਰਥਕ ਨਿਘਾਰ ਵੱਲ ਜਾਣ ਲੱਗੀ। ਸਗੋਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਵੀ ਇਸਦੇ ਨਿਘਾਰ ਦੇ ਬੜੇ ਸਪੱਸ਼ਟ ਤੇ ਉੱਘੜਵੇਂ ਇਤਿਹਾਸਕ ਸਬੂਤ ਉਪਲਬਧ ਹਨ। ਜਦ ਵੀ ਪੰਜਾਬ ਦੀ ਕਿਸਾਨੀ ਅਤਿ ਦੇ ਨਿਘਾਰ ਵੱਲ ਖਿਸਕਣਾ ਸ਼ੁਰੂ ਕਰਦੀ ਹੈ ਤਦ ਹੀ ਉਸਦੀ ਬੇ-ਚੈਨੀ ਰਾਹਤ ਲਈ ਕੋਈ ਰਾਹ ਤਲਾਸ਼ਣ ਦਾ ਯਤਨ ਕਰਨ ਲੱਗਦੀ ਹੈ। ਕਦੀ ਰੋਜ਼ੀ-ਰੋਟੀ ਦੀ ਤਲਾਸ਼ ਲਈ ਪਿੰਡ ਛੱਡ ਕੇ ਸ਼ਹਿਰ ਜਾ ਵੱਸਣ, ਫ਼ੌਜ ਵਿਚ ਭਰਤੀ ਹੋਣ ਜਾਂ ਦੇਸ਼ ਛੱਡ ਕੇ ਪਰਵਾਸ ਧਾਰਨ ਦੀ ਮਜਬੂਰੀ ਦਾ ਸਾਹਮਣਾ ਕਰਨਾ ਉਸਦੀ ਹੋਣੀ ਬਣੀ ਰਹੀ ਹੈ। ਕਦੀ ਇਹੋ ਬੇ-ਚੈਨੀ ਉਸਨੂੰ ਸਥਾਪਤ ਨਜ਼ਾਮ ਵਿਰੁੱਧ ਬਗ਼ਾਵਤ ਕਰਨ ਲਈ ਉਤੇਜਿਤ ਕਰਦੀ ਹੈ ਤੇ ਕਦੀ ਵਿਸ਼ਾਦ ਦੀ ਅਵਸਥਾ ਵਿਚ ਨਸ਼ਿਆ ਵਿਚ ਗ਼ਰਕ ਹੋ ਜਾਣ, ਜ਼ਿੰਦਗ਼ੀ ਦੇ ਰਣ ਖੇਤਰ ਵਿਚੋਂ ਅਧਿਆਤਮ ਵਿਚ ਪਲਾਇਨ ਕਰ ਜਾਣ ਤੇ ਕਦੀ ਖ਼ੁਦਕੁਸ਼ੀਆਂ ਦਾ ਰਾਹ ਅਖ਼ਤਿਆਰ ਕਰਨ ਲਈ ਮਜਬੂਰ ਕਰ ਦੇਂਦੀ ਹੈ। ਵਰਿਆਮ ਸਿੰਘ ਸੰਧੂ ਨੇ ਕਿਸਾਨੀ ਜਾਂ ਪੰਜਾਬੀ ਜੀਵਨ ਦੇ ਇਹ ਸਾਰੇ ਪਾਸਾਰ ਬੜੀ ਸੰਵੇਦਨਾ ਤੇ ਕਲਾਤਮਕਤਾ ਨਾਲ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤੇ ਹਨ। ਡਾ. ਰਘਬੀਰ ਸਿੰਘ ਮੁਤਾਬਕ, "ਵਰਿਆਮ ਸਿੰਘ ਸੰਧੂ ਨੇ ਕਿਰਸਾਣੀ ਜੀਵਨ ਦੇ ਸਾਰੇ ਹੀ ਇਤਿਹਾਸਕ ਅਨੁਭਵਾਂ ਨੂੰ ਵੱਖ-ਵੱਖ ਕਹਾਣੀਆਂ ਵਿਚ ਸਮੋਇਆ ਹੈ ਅਤੇ ਇਉਂ ਉਸਦੀਆਂ ਕਹਾਣੀਆਂ ਵਿਚੋਂ ਸਮੁੱਚੇ ਰੂਪ ਵਿਚ ਪੰਜਾਬ ਦੀ ਕਿਰਸਾਣੀ ਦੀ ਇਕ ਅਜਿਹੀ ਤਸਵੀਰ ਉੱਘੜਦੀ ਹੈ ਜੋ ਕਲਾਮਈ ਹੋਣ ਦੇ ਨਾਲ-ਨਾਲ ਸੰਪੂਰਨ ਵੀ ਮਿਥੀ ਜਾ ਸਕਦੀ ਹੈ।"[7]

ਵਰਿਆਮ ਸਿੰਘ ਸੰਧੂ ਆਪਣੀ ਕਹਾਣੀ ਵਿਚ ਪਿਛਲੇ ਸੌ ਸਾਲਾਂ ਦੇ ਇਤਿਹਾਸ ਵਿਚ ਵਿਚਰਦੀ, ਲੜਦੀ, ਦੁੱਖ ਭੋਗਦੀ, ਤਿਲਮਿਲਾਉਂਦੀ ਕਿਸਾਨੀ ਨੂੰ ਮੁਖ਼ਾਤਬ ਹੁੰਦਾ ਹੈ। 'ਰਿਮਝਿਮ ਪਰਬਤ'[8]

ਅਤੇ 'ਜਮਰੌਦ'[9] ਕਹਾਣੀਆਂ ਵਿਚ ਉਹ ਪੰਜਾਬ ਦੀ ਕਿਸਾਨੀ ਦੇ ਉਸ ਦੌਰ ਦੀ ਪੇਸ਼ਕਾਰੀ ਕਰਦਾ ਹੈ ਜਦੋਂ ਜ਼ਮੀਨ ਕਿਸਾਨਾਂ ਨੂੰ ਦੇਣ ਦੀ ਥਾਂ ਉਨ੍ਹਾਂ ਤੋਂ ਲੈਣ ਲੱਗ ਪਈ ਸੀ ਤੇ ਮਜਬੂਰ ਹੋ ਕੇ ਉਹ ਰੋਟੀ ਦੀ ਤਲਾਸ਼ ਵਿਚ ਪਹਿਲਾਂ ਮਲਾਇਆ, ਚੀਨ, ਹਾਂਗਕਾਂਗ ਤੇ ਫਿਰ ਅਮਰੀਕਾ, ਕੈਨੇਡਾ ਤੇ ਇੰਗਲੈਂਡ ਜਾਣ ਲੱਗੇ। ਇਹ ਪੰਜਾਬ ਦੀ ਛੋਟੀ ਕਿਸਾਨੀ ਸੀ ਜਿਸਨੇ ਉੱਤਰੀ ਅਮਰੀਕਾ ਵਿਚ ਜਾ ਕੇ ਆਜ਼ਾਦੀ ਦੇ ਅਰਥ ਸਮਝੇ ਤੇ ਦੇਸ਼ ਨੂੰ ਮੁਕੰਮਲ ਆਜ਼ਾਦੀ ਦਿਵਾਉਣ ਦੇ ਮਕਸਦ ਨਾਲ ਹਥਿਆਰਬੰਦ ਲੜਾਈ ਲੜਨ ਦਾ ਐਲਾਨ ਕਰਕੇ '.ਗਦਰ ਪਾਰਟੀ' ਦੀ ਸਥਾਪਨਾ ਕੀਤੀ। ਪਰਦੇਸਾਂ ਵਿਚ ਬਣਾਈਆਂ ਆਪਣੀਆਂ ਜਾਇਦਾਦਾਂ ਕੁਰਬਾਨ ਕਰਦੇ ਹੋਏ ਵੱਖ-ਵੱਖ ਦੇਸ਼ਾਂ ਵਿਚ .ਗਦਰ ਦਾ ਪ੍ਰਚਾਰ ਕਰਦੇ ਹੋਏ ਉਹ ਦੇਸ਼ ਪਰਤੇ ਅਤੇ ਆਜ਼ਾਦੀ ਦੀ ਲੜਾਈ ਲੜਦੇ ਕੁਰਬਾਨ ਹੋ ਗਏ। 'ਜਮਰੌਦ' ਕਹਾਣੀ ਦਾ ਬਾਬਾ ਚੜ੍ਹਤ ਸਿੰਘ ਆਜ਼ਾਦੀ ਦੇ ਸੁਪਨੇ ਨੂੰ ਅੱਖਾਂ ਵਿਚ ਲੈ ਕੇ ਹੀ ਕੈਨੇਡਾ ਤੋਂ ਜਬਰੀ ਵਾਪਸ ਭੇਜੇ ਜਾਣ ਸਮੇਂ ਮਿ. ਰੀਡ ਨੂੰ ਲਲਕਾਰਦਾ ਹੈ, "ਯਾਦ ਰੱਖੀਂ ਮਿਸਟਰ ਰੀਡ ! ਮੈਂ ਪਰਤਾਂਗਾ ਕਨੇਡਾ, ਕਿਸੇ ਨਾ ਕਿਸੇ ਦਿਨ। ਆਜ਼ਾਦ ਮੁਲਕ ਦੇ ਆਪਣੇ ਜਹਾਜ਼ 'ਤੇ। ਰੋਟੀ ਲਈ ਲਿਲਕੜੀਆਂ ਲੈਣ ਨਹੀ ; ਤੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣ ਲਈ। ਤੇਰੇ ਬਰਾਬਰ ਦੀ ਧਿਰ ਬਣ ਕੇ।"[10]

ਬਰਾਬਰ ਦੀ ਧਿਰ ਬਣਨ ਲਈ ਪੰਜਾਬੀਆਂ ਨੇ ਇਤਹਾਸ ਵਿਚ ਸਭ ਤੋਂ ਵੱਡਾ ਹੰਭਲਾ ਉਦੋਂ ਮਾਰਿਆ ਸੀ ਜਦੋਂ ਸਦੀਆਂ ਤੋਂ ਭਾਰਤ ਨੂੰ ਲੁੱਟਣ ਤੇ .ਗੁਲਾਮ ਕਰਨ ਲਈ ਆਉਂਦੇ ਧਾੜਵੀਆਂ ਦਾ ਰਾਹ ਰੋਕਣ ਲਈ ਦੱਰਾ ਖ਼ੈਬਰ ਦੇ ਲਾਂਘੇ ਅੱਗੇ ਹਿੱਕਾਂ ਡਾਹ ਕੇ ਜਮਰੌਦ ਦੇ ਕਿਲ੍ਹੇ ਉੱਤੇ ਜਿੱਤ ਹਾਸਲ ਕਰ ਲਈ ਸੀ। ਜਮਰੌਦ ਨੂੰ .ਫਤਹਿ ਕਰਨ ਤੇ ਉਸ ਜੰਗ ਵਿਚ ਅੱਗੇ ਹੋ ਕੇ ਲੜਨ ਵਾਲਾ ਉਨ੍ਹਾਂ ਦੇ ਆਪਣੇ ਪਿੰਡ ਦਾ ਸ਼ਹੀਦ ਬਾਬਾ ਬਲਕਾਰ ਸਿੰਘ ਜਮਰੌਦ ਦੇ ਕਿਲ੍ਹੇ ਦੀ .ਫਸੀਲ 'ਤੇ ਖਲੋ ਕੇ ਉਂਜ ਹੀ ਬਾਹਵਾਂ ਉਲਾਰ ਕੇ ਦੁਸ਼ਮਣ ਨੂੰ ਵੰਗਾਰ ਰਿਹਾ ਸੀ, "ਆ ਓਏ ! ਅਹਿਮਦ ਸ਼ਾਹ ਅਬਦਾਲੀ ! ਤੂੰ ਵੀ ਆ ਨਾਦਰਸ਼ਾਹ ! ਮੈਂ ਆਇਆ ਹਾਂ ਤੁਹਾਡੇ ਨਾਲ ਬਰਾਬਰ ਦੀ

ਧਿਰ ਬਣਕੇ ਜੂਝਣ ਲਈ। ਤੁਹਾਡੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣ ਲਈ। ਆਜ਼ਾਦ ਦੇਸ਼ ਦਾ ਆਜ਼ਾਦ ਬਾਸ਼ਿੰਦਾ।''[11] ਕਹਾਣੀਕਾਰ, ਬਲਕਾਰ ਸਿੰਘ ਵੱਲੋਂ ਸ਼ੁਰੂ ਕੀਤੀ ਆਜ਼ਾਦੀ ਦੀ ਲੜਾਈ ਨੂੰ ਚੜ੍ਹਤ ਸਿੰਘ ਦੀ ਸ਼ਕਲ ਵਿਚ ਅੱਗੇ ਤੁਰਦੇ ਰਹਿਣ ਦਾ ਸੰਕੇਤ ਦੇਂਦਾ ਹੈ। ਚੜ੍ਹਤ ਸਿੰਘ ਬਰਾਬਰ ਦੀ ਧਿਰ ਬਣਨ ਲਈ ਦੇਸ਼ ਦੀ ਆਜ਼ਾਦੀ ਲਈ ਆਜ਼ਾਦੀ ਮਿਲ ਜਾਣ ਤੋਂ ਬਾਅਦ ਵੀ ਜੂਝਦਾ ਹੈ, ਪਰ ਬਰਾਬਰ ਦੀ ਧਿਰ ਬਣ ਸਕਣ ਵਿਚ ਨਾਕਾਮ ਰਹਿੰਦਾ ਹੈ। ਰੋਜ਼ੀ-ਰੋਟੀ ਲਈ ਇੰਗਲੈਂਡ ਜਾ ਵੱਸੇ ਉਸਦੇ ਪੋਤਰੇ ਜਰਨੈਲ ਸਿੰਘ ਨੂੰ ਬੁੱਢੇ ਅੰਗਰੇਜ਼ ਦੇ ਵਿਅੰਗ ਭਰੇ ਬੋਲ ਸਾਡੀ ਹੋਣੀ ਦੀ ਹਕੀਕਤ ਦਰਸਾਉਂਦੇ ਹਨ, ''ਉਦੋਂ ਤੁਸੀਂ ਚੀਕਦੇ ਸੀ ; ਅੰਗਰੇਜ਼ੋ ! ਤੁਸੀਂ ਜ਼ਾਲਮ ਓ, ਸਾਨੂੰ ਲੁੱਟ ਕੇ ਖਾ ਗਏ ਓ, ਆਜ਼ਾਦ ਕਰੋ ਸਾਨੂੰ, ਹੁਣ ਅਸੀਂ ਤਾਂ ਤੁਹਾਨੂੰ ਛੱਡ ਆਏ ਆਂ ਪਰ ਤੁਸੀਂ ਮਾਂ ਪਿੱਛੇ ਦੁੱਧ ਚੁੰਘਣ ਲਈ 'ਰੀਂ ਰੀਂ' ਕਰਦੇ 'ਨਲੀ-ਚੋਚ' ਬੱਚੇ ਵਾਂਗ ਸਾਡੇ ਪਿੱਛੇ ਪਿੱਛੇ ਕਿਉਂ ਭੱਜੇ ਆਉਂਦੇ ਓ?... ਕਦੀ ਤੁਸੀਂ ਸਾਨੂੰ ਆਖਦੇ ਹੁੰਦੇ ਸੀ, ਪਰ ਹੁਣ ਮੈਂ ਤੁਹਾਨੂੰ ਆਖਦਾਂ ਕਿ ਕਿਰਪਾ ਕਰਕੇ ਸਾਡਾ ਮੁਲਕ ਛੱਡ ਦਿਓ।''[12]

ਆਜ਼ਾਦ ਭਾਰਤੀ ਬਾਸ਼ਿੰਦਿਆਂ ਨੂੰ ਦਿੱਤੀ ਇਹ ਮਿਹਣਾ ਨੁਮਾ ਗਾਲ੍ਹ ਇਨ੍ਹਾਂ ਅਰਥਾਂ ਨੂੰ ਉਦਘਾਟਤ ਕਰਦੀ ਹੈ ਕਿ ਉਨ੍ਹਾਂ ਨੇ ਜਮਰੌਦ ਦੇ ਕਿਲ੍ਹੇ 'ਤੇ ਫਤਹਿ ਪਾ ਕੇ ਜਿੱਥੇ ਪਹਿਲੀ ਵਾਰ ਸਦੀਆਂ ਤੋਂ ਮੁਲਕ ਨੂੰ ਗ਼ੁਲਾਮ ਬਣਾਉਣ ਤੇ ਲੁੱਟਣ ਵਾਲੇ ਧਾੜਵੀਆਂ ਦਾ ਰਾਹ ਬੰਦ ਕਰਕੇ ਆਪਣੇ ਸੁਪਨਿਆਂ ਦੇ ਉਸ ਲੋਕ-ਹਿਤੈਸ਼ੀ ਨਿਜ਼ਾਮ ਦੀ ਸਥਾਪਤੀ ਦੀ ਨੀਂਹ ਰੱਖੀ ਸੀ, ਉਸ ਉੱਤੇ ਉਹ ਠੀਕ ਉਸਾਰੀ ਨਾ ਕਰ ਸਕੇ, ਜਿਸਦੇ ਫ਼ਲਸਰੂਪ ਹੁਣ ਉਨ੍ਹਾਂ ਲਈ ਕਨੇਡਾ ਪਹੁੰਚਣਾ ਹੀ ਜਮਰੌਦ ਫ਼ਤਹਿ ਕਰਨ ਵਾਲੀ ਵਿਡੰਬਨਾ ਬਣ ਗਈ ਹੈ। ਚੜ੍ਹਤ ਸਿੰਘ ਦਾ ਇਹ ਸੁਪਨਾ, ਕਿ ਉਸਦਾ ਦੇਸ਼ ਉਸਦੀਆਂ ਅਗਲੀਆਂ ਪੀੜ੍ਹੀਆਂ ਨੂੰ ਇੱਜ਼ਤ-ਮਾਣ ਵਾਲੀ ਰੱਜਵੀਂ ਰੋਟੀ ਦੇ ਸਕੇਗਾ, ਖੰਡਿਤ ਹੋ ਗਿਆ ਹੈ। ਉਸਦੀ ਔਲਾਦ ਆਪਣਾ ਸ੍ਵੈ-ਮਾਣ ਗਵਾ ਕੇ ਮੁੜ ਤੋਂ ਰੋਜ਼ੀ-ਰੋਟੀ ਲਈ ਬਾਹਰਲੇ ਮੁਲਕਾਂ ਵੱਲ ਜਾਣ ਲਈ ਇਥੋਂ ਤਕ ਗਰਕ ਗਈ ਹੈ ਕਿ ਅਮਰ ਸਿੰਘ ਆਪਣੇ ਜਵਾਨ ਪੁੱਤ ਦੀ ਲਾਸ਼ 'ਤੇ ਸਵਾਰੀ

ਕਰਕੇ ਪਰਿਵਾਰ ਸਮੇਤ ਕਨੇਡਾ ਪਹੁੰਚਣ ਲਈ ਯਤਨਸ਼ੀਲ ਹੈ।

ਕਹਾਣੀ ਦੇ ਵੇਰਵਿਆਂ ਵਿਚੋਂ ਇਹ ਗੱਲ ਭਲੀ-ਭਾਂਤ ਉਜਾਗਰ ਹੋ ਜਾਂਦੀ ਹੈ ਕਿ ਜਿੱਥੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀ ਕਿਸਾਨ ਨੂੰ ਰੋਟੀ ਕਮਾਉਣ ਲਈ ਪਰਵਾਸ ਧਾਰਨ ਕਰਨ ਦੀ ਮਜਬੂਰੀ ਹੰਢਾਉਣੀ ਪੈਂਦੀ ਸੀ, ਉੱਥੇ ਇਕ ਸਦੀ ਬਾਅਦ ਵੀ ਉਸਦੀ ਸੰਤਾਨ ਦੀ ਹੋਣੀ ਵਿਚ ਕੋਈ ਤਬਦੀਲੀ ਨਹੀਂ ਆਈ। ਇਹ ਪਰਵਾਸ ਜਿੱਥੇ ਪਰਦੇਸ ਗਮਨ ਨਾਲ ਸੰਬੰਧਿਤ ਸੀ, ਉੱਥੇ 'ਜਮਰੌਦ' ਵਿਚਲੇ ਕਰਮ ਸਿੰਘ ਵਰਗੇ ਲੋਕਾਂ ਦੇ ਫ਼ੌਜ ਵਿਚ ਭਰਤੀ ਹੋਣ ਨਾਲ ਵੀ ਜੁੜਿਆ ਹੋਇਆ ਸੀ। ਪਰ ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਚੜ੍ਹਤ ਸਿੰਘ ਦੀ ਪੀੜ੍ਹੀ ਅੱਗੇ ਤਾਂ ਮੁਲਕ ਤੇ ਸਮਾਜ ਨਾਲ ਜੁੜੇ ਆਦਰਸ਼ ਜਿਉਂਦੇ ਸਨ, ਪਰ ਉਸਦੀ ਤੀਜੀ ਪੀੜ੍ਹੀ ਤੱਕ ਪੁੱਜਦਿਆਂ ਇਹ ਪੀੜ੍ਹੀ ਆਦਰਸ਼-ਵਿਹੂਣੀ ਹੋ ਜਾਂਦੀ ਹੈ ਤੇ ਨਿਰੋਲ ਨਿੱਜ ਤਕ ਸਿਮਟ ਜਾਣਾ ਹੀ ਇਸਦੀ ਜੀਵਨ-ਜਾਚ ਬਣ ਜਾਂਦੀ ਹੈ। ਏਸੇ ਨੂੰ ਕਹਾਣੀਕਾਰ ਪ੍ਰਤੀਕਾਤਮਕ ਰੂਪ ਵਿਚ ਗਰਕ ਜਾਣ ਨਾਲ ਤੁਲਨਾ ਦੇਂਦਾ ਹੈ।

ਜਮਰੌਦ ਦੇ ਕਿਲ੍ਹੇ 'ਤੇ ਝੁਲਾਉਣ ਲਈ ਹੱਥ ਵਿਚ ਫੜੇ ਝੰਡੇ ਦੇ ਲੀਰਾਂ-ਲੀਰਾਂ ਹੋਣ ਦਾ ਚਿਹਨ ਆਜ਼ਾਦੀ ਤੇ ਖੁਸ਼ਹਾਲੀ ਵਾਲੇ ਆਪਣੇ ਰਾਜ ਤੇ ਸਮਾਜ ਸਿਰਜਣ ਦੇ ਸੁਪਨੇ ਦੇ ਵਿਖੰਡਤ ਹੋਣ ਵੱਲ ਇਸ਼ਾਰਾ ਹੈ।[13] ਵੇਖਣ ਨੂੰ ਤਾਂ ਇਹ ਸਮੁੱਚੀ ਪੰਜਾਬੀ ਕੌਮ ਦਾ ਹੀ ਨਹੀਂ ਪੂਰੇ ਭਾਰਤ ਦੇਸ਼ ਦਾ ਦੁਖਾਂਤ ਹੈ। ਪਰ ਇਹ ਵੀ ਹਕੀਕਤ ਹੈ ਕਿ ਇਸ ਕਹਾਣੀ ਦੇ ਵੇਰਵਿਆਂ ਤੇ ਵਿਸਥਾਰਾਂ ਵਿਚ ਇਸ ਦੁਖਾਂਤਕ ਯਥਾਰਥ ਨੂੰ ਪੇਸ਼ ਕਰਨ ਲਈ ਪੰਜਾਬ ਦੀ ਕਿਸਾਨੀ ਹੀ ਮਾਧਿਅਮ ਬਣਦੀ ਹੈ। ਜਮਰੌਦ ਨੂੰ ਫ਼ਤਹਿ ਕਰਨ ਦਾ ਪ੍ਰਤੀਕ ਇਹੋ ਸੰਕੇਤ ਦੇਂਦਾ ਹੈ ਕਿ ਇਹ ਪੰਜਾਬ ਦੀ ਕਿਸਾਨੀ ਹੀ ਸੀ, ਜਿਸਨੇ ਸੁਚੇਤ, ਸੰਗਠਿਤ ਤੇ ਹਥਿਆਰਬੰਦ ਹੋ ਕੇ ਪਹਿਲੀ ਵਾਰ ਇਕ ਸੁਤੰਤਰ ਖਿੱਤਾ ਹੋਂਦ ਵਿਚ ਲਿਆਂਦਾ। ਬਾਬਾ ਬਲਕਾਰ ਸਿੰਘ ਤੇ ਚੜ੍ਹਤ ਸਿੰਘ ਦਾ ਪਿੰਡ ਕਿਸਾਨੀ ਦੀ ਅਨਿਆਂ ਵਿਰੁੱਧ ਲੜਾਈ ਦਾ ਚਿਹਨ ਬਣ ਕੇ ਉੱਭਰਦਾ ਹੈ। ਇਸੇ ਪਿੰਡ ਵਿਚੋਂ ਜੇ ਕਦੇ ਬਾਬਾ ਬਲਕਾਰ ਸਿੰਘ ਜਮਰੌਦ ਦੇ ਕਿਲ੍ਹੇ ਨੂੰ ਫ਼ਤਹਿ ਕਰਨ ਲਈ ਜੂਝਿਆ ਤੇ ਕੁਰਬਾਨ ਹੋਇਆ ਸੀ ਤਾਂ ਏਸੇ ਪਿੰਡ ਦੇ ਚੜ੍ਹਤ ਸਿੰਘ ਤੇ ਦੂਜੇ

ਸਾਥੀਆਂ ਨੇ .ਗਦਰ ਪਾਰਟੀ ਦਾ ਹਿੱਸਾ ਬਣ ਕੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ ਸਨ। ਚੜ੍ਹਤ ਸਿੰਘ ਦੇਸ਼ ਦੇ ਆਜ਼ਾਦ ਹੋਣ ਉਪਰੰਤ ਵੀ ਆਪਣੇ ਸੁਪਨੇ ਦੀ ਪੂਰਤੀ ਲਈ ਆਪਣੀ ਲੜਾਈ ਵਿਅਕਤੀਗਤ ਰੂਪ ਵਿਚ ਜਾਰੀ ਰੱਖਦਾ ਹੈ ਤੇ ਸੰਕੇਤਕ ਤੌਰ 'ਤੇ ਆਪਣੀ ਔਲਾਦ ਨੂੰ ਵੀ ਇਸ ਲੜਾਈ ਦੀ ਅਨਿਵਾਰਤਾ ਦਾ ਅਹਿਸਾਸ ਕਰਵਾਉਂਦਿਆਂ ਸੰਘਰਸ਼ ਦੇ ਇਤਹਾਸ ਨੂੰ ਨਿਰੰਤਰ ਲੜੀ ਦੇ ਰੂਪ ਵਿਚ ਪੇਸ਼ ਕਰਨ ਦਾ ਮਾਧਿਅਮ ਬਣ ਕੇ ਉੱਭਰਦਾ ਹੈ। ਇਹ ਵੱਖਰੀ ਗੱਲ ਹੈ ਕਿ ਆਪਣੀਆਂ ਸਿਧਾਂਤਕ ਤੇ ਅਮਲੀ ਕਮਜ਼ੋਰੀਆਂ ਕਰਕੇ ਜਾਂ ਸਥਾਪਤੀ ਦੇ ਉਲਟ ਦਬਾਵਾਂ ਕਾਰਨ ਜਰਨੈਲ ਸਿੰਘ ਦੀ ਧਿਰ ਸੁਪਨੇ ਦੇ ਟੁੱਟੇ ਟੁਕੜੇ ਜੋੜਨ ਦੀ ਥਾਂ ਸਿਥਲ ਹੋ ਗਈ ਤੇ ਜਾਂ ਭਗੌੜੀ। ਇਸ ਪ੍ਰਸੰਗ ਵਿਚ ਕਹਾਣੀ ਵਿਚਲੇ ਪ੍ਰੋ.ਫੈਸਰ ਦੇ ਪਿਤਾ ਦੇ ਵਿਅੰਗ ਬੋਲ ਇਸੇ ਵੱਲ ਹੀ ਇਸ਼ਾਰਾ ਕਰਦੇ ਹਨ : "ਕਾਮਰੇਡ ਦੀ ਵੀ ਮੈਨੂੰ ਸਮਝ ਨਹੀਂ ਆਈ। ਚੰਗਾ ਭਲਾ ਪ੍ਰੋ.ਫੈਸਰੀ ਕਰਦਾ ਸੀ ਏਥੇ ਤੇਰੇ ਨਾਲ। ਛੱਡ ਕੇ ਕਨੇਡਾ ਜਾ ਵੜਿਆ। ਪਹਿਲਾਂ ਇੰਗਲੈਂਡ ਗਿਆ ਤਾਂ ਓਥੇ ਦੋ ਤਿੰਨ ਸਾਲ ਲਾ ਕੇ ਮੁੜ ਆਇਆ। ਉਦੋਂ ਇੰਗਲੈਂਡੋਂ ਮੁੜ ਕੇ ਆਖਿਆ ਕਰੇ, "ਪਹਿਲਾਂ ਗੋਰਿਆਂ ਦੀ ਇਥੇ .ਗੁਲਾਮੀ ਕੀਤੀ, ਹੁਣ ਓਥੇ ਜਾ ਕੇ ਕਰਨੀ ਬੜੀ ਔਖੀ ਐ। ਬੜਾ ਜ਼ਲੀਲ ਹੋਣਾ ਪੈਂਦੇ। ਏਥੇ ਈ ਲੜਾਂਗੇ ; ਸਮਾਜਵਾਦ ਲਿਆਵਾਂਗੇ।" ਲੈ ਆ ਗਿਆ ਉਹਦਾ ਤਾਂ ਸਮਾਜਵਾਦ।"[14]

ਇਸ ਤਰ੍ਹਾਂ ਇਹ ਕਹਾਣੀ ਇਕ ਪਰਿਵਾਰ ਜਾਂ ਇਕ ਪਿੰਡ ਦੇ ਨਿਰੰਤਰ ਸੰਘਰਸ਼ ਦੇ ਇਤਹਾਸ ਦੀ ਲੜੀਦਾਰ ਕਹਾਣੀ ਨਹੀਂ ਰਹਿ ਜਾਂਦੀ, ਸਗੋਂ ਪੂਰੇ ਪੰਜਾਬ ਦੇ ਇਤਹਾਸ ਦੀ ਕਹਾਣੀ ਬਣ ਜਾਂਦੀ ਹੈ। ਲੁਪਤ ਅਰਥਾਂ ਵਿਚ ਇਹ ਪੰਜਾਬ ਦੀ ਕਿਸਾਨੀ ਦੇ ਆਪਣੀ ਹੋਣੀ ਨੂੰ ਬਦਲਣ ਦੇ ਇਤਹਾਸ ਦੀ ਕਹਾਣੀ ਬਣ ਜਾਂਦੀ ਹੈ।

ਵਰਿਆਮ ਸਿੰਘ ਸੰਧੂ ਦੇ ਕਥਾ ਜਗਤ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਦਿਆਂ ਅਸੀਂ ਬੜੇ ਸਹਿਜ ਰੂਪ ਵਿਚ ਇਸ ਸੱਚਾਈ ਦੇ ਰੂ-ਬਰੂ ਹੁੰਦੇ ਹਾਂ ਕਿ ਕਹਾਣੀਕਾਰ ਕੋਲ ਜਿੱਥੇ ਕਿਸਾਨੀ ਸਮਾਜ ਨੂੰ ਬੜਾ ਨੇੜੇ ਤੋਂ ਵੇਖਣ ਸਮਝਣ ਵਾਲੀ ਨਜ਼ਰ ਹੈ ਉੱਥੇ ਉਸ ਕੋਲ ਕਿਸਾਨੀ ਨੂੰ ਇਤਹਾਸਕ ਪ੍ਰਸੰਗ

ਵਿਚ ਵੇਖਣ ਵਾਲੀ ਦੂਰ ਦੀ ਦ੍ਰਿਸ਼ਟੀ ਵੀ ਹੈ। ਉਸਦਾ ਬਹੁਤਾ ਜ਼ਿਕਰ ਭਾਵੇਂ ਹਰੇ ਇਨਕਲਾਬ ਪਿੱਛੋਂ ਪੰਜਾਬ ਦੀ ਕਿਸਾਨੀ ਦੇ ਜੀਵਨ ਵਿਚ ਆਈ ਤਬਦੀਲੀ ਤੇ ਉਸਦੇ ਸੰਕਟਾਂ ਤੇ ਸਰੋਕਾਰਾਂ ਦੀ ਪੇਸ਼ਕਾਰੀ ਦੇ ਪ੍ਰਸੰਗ ਵਿਚ ਹੀ ਹੋਇਆ ਹੈ। ਪਰ ਅਸੀਂ ਜਾਣਦੇ ਹਾਂ ਕਿ ਵਰਿਆਮ ਸਿੰਘ ਸੰਧੂ ਆਪਣੀ ਦੂਰ ਦੀ ਨਜ਼ਰ ਨਾਲ ਕਿਸਾਨੀ ਦੀ ਹੋਣੀ ਤੇ ਹਕੀਕਤ ਨੂੰ ਸੈਂਕੜੇ ਸਾਲ ਦੂਰ ਦੇ ਇਤਹਾਸ ਵਿਚ ਵੇਖਣ ਤੇ ਵਿਸ਼ਲੇਸ਼ਣ ਕਰ ਸਕਣ ਦੇ ਸਮਰਥ ਹੈ। ਪੰਜਾਬੀ ਕਹਾਣੀ ਦੇ ਇਤਹਾਸ ਵਿਚ ਅਜਿਹਾ ਕੇਵਲ ਵਰਿਆਮ ਸਿੰਘ ਸੰਧੂ ਹੀ ਕਰ ਸਕਿਆ ਹੈ। ਅਸੀਂ ਸਹਿਜੇ ਹੀ ਆਖ ਸਕਦੇ ਹਾਂ ਕਿ ਛੋਟੀ ਕਿਸਾਨੀ ਦੇ ਸੰਕਟ ਨੂੰ ਜਿਸ ਪੱਧਰ ਉੱਤੇ ਵਰਿਆਮ ਸਿੰਘ ਸੰਧੂ ਨੇ ਚਿਤਰਿਆ ਹੈ, ਪੰਜਾਬੀ ਦੇ ਕਿਸੇ ਹੋਰ ਕਹਾਣੀਕਾਰ ਨੇ ਨਹੀਂ ਚਿਤਰਿਆ।[15]

ਕਹਾਣੀ ਵਿਚ ਕਿਸਾਨੀ ਦੀ ਪੇਸ਼ਕਾਰੀ ਦੀ ਇਸ ਸਫ਼ਲਤਾ ਦਾ ਕਾਰਣ ਇਹ ਹੈ ਕਿ ਵਰਿਆਮ ਸਿੰਘ ਸੰਧੂ ਨੂੰ ਪੰਜਾਬ ਦੇ ਇਤਹਾਸ, ਰਾਜਨੀਤੀ, ਆਰਥਕਤਾ ਤੇ ਸਮਾਜਕ-ਸਭਿਆਚਾਰਕ ਜੀਵਨ ਦੀ ਨੇੜਲੀ ਜਾਣਕਾਰੀ ਤੇ ਸਮਝ ਹੈ ਅਤੇ ਉਸ ਕੋਲ ਅਜਿਹਾ ਅਗਾਂਹਵਧੂ ਦ੍ਰਿਸ਼ਟੀਕੋਣ ਵੀ ਹੈ ਜਿਸ ਵਿਚੋਂ ਹਕੀਕਤ ਛਣ ਕੇ ਬਾਹਰ ਆਉਂਦੀ ਹੈ ਤੇ ਵੱਖਰੇ ਤੇ ਨਿਵੇਕਲੇ ਅਰਥ ਗ੍ਰਹਿਣ ਕਰਦੀ ਹੈ। ਪਰ ਪੰਜਾਬੀ ਕਹਾਣੀ ਦੇ ਇਤਹਾਸ ਵਿਚ ਜੇ ਉਹ ਆਪਣਾ ਵੱਖਰਾ ਸਥਾਨ ਬਣਾ ਸਕਣ ਦੇ ਸਮਰੱਥ ਹੋਇਆ ਤਾਂ ਇਸ ਦਾ ਇਕ ਵੱਡਾ ਕਾਰਣ ਇਹ ਵੀ ਹੈ ਕਿ ਉਹ ਮਸਲਿਆਂ ਤੇ ਵਰਤਾਰਿਆਂ ਬਾਰੇ ਆਪਣੀ ਵਿਸ਼ਾਲ ਜਾਣਕਾਰੀ ਨੂੰ ਕਹਾਣੀ ਦੀ ਵਿਧਾ ਵਿਚ ਕਲਾਤਮਕ ਸ਼ਕਲ ਦੇਣ ਦੀ ਕਮਾਲ ਦੀ ਯੋਗਤਾ ਦਾ ਸੁਆਮੀ ਵੀ ਹੈ। ਇਸ ਕਲਾਤਮਕ ਯੋਗਤਾ ਤੋਂ ਬਿਨਾਂ ਸੈਕੜੇ ਸਾਲਾਂ ਦੇ ਇਤਹਾਸ ਵਿਚੋਂ ਵਿਭਿੰਨ ਤੇ ਵਡੇਰੇ ਪ੍ਰਸੰਗਾਂ ਦੀ ਸਿਰਜਣਾ ਵੀ ਕਰਨੀ ਤੇ ਉਨ੍ਹਾਂ ਨੂੰ ਕਹਾਣੀ ਦੀ ਵਿਧਾ ਵਿਚ ਇਸ ਅੰਦਾਜ਼ ਵਿਚ ਜੋੜਨਾ ਬੀੜਨਾ ਕਿ ਕਹਾਣੀ ਖਿੰਡੇ ਵੀ ਨਾ, ਪੜ੍ਹਨ ਵਿਚ ਵੀ ਦਿਲਚਸਪੀ ਬਣੀ ਰਹੇ ਤੇ ਜ਼ਿੰਦ.ਗੀ ਦੀਆਂ ਅਨੇਕਾਂ ਗੁੰਝਲਾਂ ਤੇ ਲੁਕਵੀਆਂ ਪਰਤਾਂ ਪਾਠਕਾਂ ਅੱਗੇ ਉੱਘੜ ਤੇ ਰੌਸ਼ਨ ਵੀ ਹੋ ਜਾਣ, ਅਸਲੋਂ ਹੀ ਸਹਿਜ ਕਾਰਜ ਨਹੀਂ। ਕਹਾਣੀ ਕਲਾ ਤੇ ਇਤਹਾਸ ਦੀ ਅਜਿਹੀ ਸੰਯੁਕਤ ਸੋਝੀ

ਅਤੇ ਸਹਿਜ ਸੰਗਮ ਦੀ ਬਦੌਲਤ ਹੀ ਉਹ ਲੰਮੇ ਆਕਾਰ ਦੀਆਂ ਕਹਾਣੀਆਂ ਲਿਖਣ ਤੇ ਸਥਾਪਤ ਕਰਨ ਦੇ ਸਮਰੱਥ ਹੋਇਆ। 'ਸੁਨਹਿਰੀ ਕਿਣਕਾ', 'ਭੱਜੀਆਂ ਬਾਹੀਂ', 'ਮੈਂ ਹੁਣ ਠੀਕ ਠਾਕ ਹਾਂ', 'ਨੌਂ ਬਾਰਾਂ ਦਸ', 'ਵਾਪਸੀ', 'ਜਮਰੌਦ', 'ਰਿਮਝਿਮ ਪਰਬਤ' ਤੇ 'ਚੌਥੀ ਕੂਟ' ਆਦਿ ਉਸਦੀਆਂ ਅਜਿਹੀਆਂ ਲੰਮੀਆਂ ਕਹਾਣੀਆਂ ਹਨ ਜਿਨ੍ਹਾਂ ਨੇ ਕਹਾਣੀਕਾਰ ਵਜੋਂ ਸਿਰਫ਼ ਲੇਖਕ ਦਾ ਕੱਦ-ਬੁੱਤ ਹੀ ਉੱਚਾ ਨਹੀਂ ਕੀਤਾ, ਸਗੋਂ ਪੰਜਾਬੀ ਕਹਾਣੀ ਦੀ ਵੀ ਪ੍ਰਾਪਤੀ ਕਹੀਆਂ ਜਾ ਸਕਦੀਆਂ ਹਨ।

ਵਰਿਆਮ ਸਿੰਘ ਸੰਧੂ ਲੰਮੀ ਕਹਾਣੀ ਦੀ ਪਛਾਣ ਬਣ ਗਿਆ ਹੈ। ਪਰ ਉਸਨੇ ਉਚੇਚ ਨਾਲ ਇਸਦਾ ਅਕਾਰ ਲੰਮਾ ਨਹੀਂ ਕੀਤਾ। ਇਹ ਲੰਬਾਈ ਉਸਦੀ ਰਚਨਾ-ਵਸਤੂ ਦੀਆਂ ਲੋੜਾਂ ਵਿਚੋਂ ਸਹਿਜ ਰੂਪ ਵਿਚ ਆਕਾਰ ਗ੍ਰਹਿਣ ਕਰਦੀ ਹੈ। ਉਸਦੇ ਆਪਣੇ ਸ਼ਬਦਾਂ ਵਿਚ, ''ਮੇਰੀਆਂ ਕਹਾਣੀਆਂ ਦੇ ਆਕਾਰ ਦੀ ਲੰਬਾਈ ਦਾ ਸੰਬੰਧ ਨਵਾਂ ਤੇ ਵੱਖਰਾ ਦਿਸਣ ਦੇ ਕਿਸੇ ਚਾਅ ਨਾਲ ਸੰਬੰਧ ਨਹੀਂ ਸੀ ਰੱਖਦਾ, ਨਾ ਹੀ ਇਹ ਕਿਸੇ ਸੁਚੇਤ ਕੋਸ਼ਿਸ਼ ਦਾ ਸਿੱਟਾ ਸੀ। ਇਸਦਾ ਸੰਬੰਧ ਵਸਤੂ ਦੀਆਂ ਲੁਕੀਆਂ ਸੰਭਾਵਨਾਵਾਂ ਨੂੰ ਪੂਰਨ ਤੌਰ 'ਤੇ ਪ੍ਰਗਟਾਉਣ ਦੇ 'ਸੁਭਾਵਿਕ ਯਤਨ' ਨਾਲ ਜੁੜਦਾ ਸੀ। . . . ਮੇਰੀ ਵਿਸਤਰਿਤ ਜਾਣਕਾਰੀ ਕਿਸੇ ਵੀ ਅਨੁਭਵ-ਖੰਡ ਨੂੰ ਉਸ ਨਾਲ ਜੁੜਵੇਂ ਵਿਸ਼ਾਲ ਅਨੁਭਵ-ਖੇਤਰ ਦੀ ਸਮੂਹਿਕਤਾ ਨਾਲ ਜੋੜ ਕੇ ਹੀ ਸਮੁੱਚੀ ਹਕੀਕਤ ਨੂੰ ਪਛਾਣਨ ਲਈ ਪ੍ਰੇਰਿਤ ਕਰਨ ਲੱਗੀ। ਇਸ ਤਰ੍ਹਾਂ ਮੇਰੀ ਕਹਾਣੀ ਦਾ ਆਕਾਰ ਸਹਿਵਨ ਹੀ ਲੰਮਾ ਹੁੰਦਾ ਗਿਆ।''[16]

ਅਸਲ ਵਿਚ ਵਰਿਆਮ ਸਿੰਘ ਸੰਧੂ ਇਤਿਹਾਸ ਦੀ ਵਿਸਤਰਿਤ ਸੋਝੀ ਕਾਰਣ ਹੀ ਆਪਣੀਆਂ ਕਹਾਣੀਆਂ ਵਿਚ ਵਡੇਰੇ ਮਸਲਿਆਂ ਤੇ ਸਰੋਕਾਰਾਂ ਨੂੰ ਮੁਖ਼ਾਤਿਬ ਹੁੰਦਾ ਹੈ। ਇਹ ਮਸਲੇ ਇਤਿਹਾਸ ਦੇ ਵਿਭਿੰਨ ਕਾਲ ਖੰਡਾਂ ਨਾਲ ਵੀ ਜੁੜੇ ਹੁੰਦੇ ਹਨ ਤੇ ਪੰਜਾਬੀ ਬੰਦੇ ਦੀ ਜਟਿਲ ਮਾਨਸਿਕਤਾ ਨਾਲ ਵੀ ਸੰਬੰਧਿਤ ਹੁੰਦੇ ਹਨ। ਇਨ੍ਹਾਂ ਮਸਲਿਆਂ ਨੂੰ ਜ਼ੁਬਾਨ ਦੇਣ ਲਈ ਮਾਧਿਅਮ ਕਿਸਾਨੀ ਹੀ ਬਣਦੀ ਹੈ। ''ਪਿਛਲੀ ਅੱਧੀ ਸਦੀ ਵਿਚ ਪੰਜਾਬ ਬਹੁਤ ਸੰਕਟਕਾਲੀਨ ਦੌਰਾਂ ਵਿਚੋਂ ਗੁਜ਼ਰਿਆ ਹੈ। ਦੇਸ਼ ਦੀ ਵੰਡ ਦਾ ਭਿਆਨਕ ਦੁਖਾਂਤ, ਨਕਸਲੀ ਦੌਰ, ਪੰਜਾਬ ਸੰਕਟ ਅਜਿਹੇ ਵਿਆਪਕ ਸੰਦਰਭ ਹਨ ਜਿਨ੍ਹਾਂ

ਵਿਚ ਪੰਜਾਬ ਦਾ ਜੀਵਨ ਯਥਾਰਥ ਫੈਲਦਾ, ਪਰਿਵਰਤਿਤ ਹੁੰਦਾ ਹੈ। ਨਾਵਲ ਜਾਂ ਕਹਾਣੀ ਦੇ ਖੇਤਰ ਵਿਚ ਅਜਿਹੀ ਵਿਸਤਰਿਤ ਤੇ ਡੂੰਘੀ ਰਚਨਾ ਕਰਨ ਦੀਆਂ ਸੰਭਾਵਨਾਵਾਂ ਮੌਜੂਦ ਸਨ। ਪਰ ਪੰਜਾਬੀ ਗਲਪ ਤੇ ਵਿਸ਼ੇਸ਼ ਤੌਰ 'ਤੇ ਕਹਾਣੀ ਵਿਚ ਇਨ੍ਹਾਂ ਸੰਭਾਵਨਾਵਾਂ ਨੂੰ ਪਛਾਨਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਇਹ ਵਰਿਆਮ ਸਿੰਘ ਸੰਧੂ ਹੀ ਹੈ ਜਿਸਨੇ . . . ਅਨੇਕਾਂ ਅਜਿਹੀਆਂ ਕਹਾਣੀਆਂ ਲਿਖੀਆਂ ਹਨ, ਜਿਨ੍ਹਾਂ ਰਾਹੀਂ ਉਹ ਉਸ ਸਮੇਂ ਦੇ ਯਥਾਰਥ ਨੂੰ ਮੁਖ਼ਾਤਬ ਵੀ ਹੋਇਆ ਤੇ ਉਸਦੀ ਜਟਿਲਤਾ ਨੂੰ ਵਿਭਿੰਨ ਕੋਨਾਂ ਤੋਂ ਵੇਖਦਿਆਂ ਸਮਝਦਿਆਂ ਹੋਇਆ ਕਲਾਤਮਕ ਵਿਸਥਾਰ ਵੀ ਸਿਰਜਿਆ।''[17] ਇਸ ਕਥਨ ਨਾਲ ਸਹਿਮਤੀ ਪ੍ਰਗਟ ਕਰਦਿਆਂ ਅਸੀਂ ਇਸ ਵਿਚ ਹੋਰ ਜੋੜਕੇ ਆਖਣਾ ਚਾਹੁੰਦੇ ਹਾਂ ਕਿ ਅਠਾਰਵੀਂ ਸਦੀ ਦਾ ਸਿੱਖ ਸੰਘਰਸ਼, ਗ਼ਦਰ ਲਹਿਰ, ਆਜ਼ਾਦੀ ਦਾ ਸੰਘਰਸ਼, ਦੇਸ਼ ਵੰਡ, ਨਕਸਲਬਾੜੀ ਲਹਿਰ, ਪੰਜਾਬ ਸੰਕਟ ਸਮੇਤ ਹਰੇ ਇਨਕਲਾਬ ਦੇ ਪੰਜਾਬੀ ਕਿਸਾਨੀ ਉੱਪਰ ਪੈਂਦੇ ਪ੍ਰਭਾਵ ਉਸਦੀਆਂ ਕਹਾਣੀਆਂ ਵਿਚ ਜ਼ੁਬਾਨ ਲੈਂਦੇ ਹਨ। ਇਹ ਸਾਰੇ ਮੁੱਦੇ ਜਾਂ ਮਸਲੇ ਕਿਸੇ ਵੀ ਤਰ੍ਹਾਂ ਇਕਹਿਰੇ ਜਾਂ ਇਕਪਰਤੀ ਨਹੀਂ ਹਨ। ਇਨ੍ਹਾਂ ਦੀ ਜਟਿਲਤਾ ਵਿਚ ਹੀ ਇਨ੍ਹਾਂ ਦੀ ਪੇਸ਼ਕਾਰੀ ਦੇ ਆਕਾਰ ਦੀਆਂ ਸੰਭਾਵਨਾਵਾਂ ਲੁਕੀਆਂ ਹੋਈਆਂ ਹਨ। ਇਸ ਪ੍ਰਸੰਗ ਵਿਚ ਡਾ. ਸੁਤਿੰਦਰ ਸਿੰਘ ਨੂਰ ਦੀ ਟਿੱਪਣੀ ਵਿਚਾਰਣਯੋਗ ਹੈ :

> ''ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਨਾਲ ਸੰਬੰਧਿਤ ਹੁੰਦਿਆਂ ਮੈਂ ਇਕ ਹੋਰ ਗੱਲ ਨੂੰ ਥੋੜ੍ਹੇ ਜਿਹੇ ਵੱਧ ਵਿਸਥਾਰ ਨਾਲ ਦੇਖਣਾ ਚਾਹੁੰਦਾ ਹਾਂ। ਇਸਦਾ ਸੰਬੰਧ ਉਸਦੀਆਂ ਲੰਮੀਆਂ ਕਹਾਣੀਆਂ ਨਾਲ ਹੈ। ਕਿਸੇ ਵੀ ਸਮਾਜ ਤੇ ਸਭਿਆਚਾਰ ਦੇ ਇਤਹਾਸ ਵਿਚ ਕਈ ਦੌਰ ਅਜਿਹੇ ਆਉਂਦੇ ਹਨ, ਉਦੋਂ ਸਾਹਿਤ ਵਿਚ ਉਨ੍ਹਾਂ ਦੀ ਪਹਿਚਾਣ ਕਰਨੀ ਜ਼ਰੂਰੀ ਹੈ। ਇਨ੍ਹਾਂ ਫੈਲਦੇ ਅੰਦਰਲੇ ਵਿਸਥਾਰਾਂ ਨੂੰ ਜਾਂ ਨਾਵਲ

> ਵਿਚ ਪਹਿਚਾਣਿਆ ਜਾ ਸਕਦਾ ਹੈ ਜਾਂ ਲੰਮੀ ਕਹਾਣੀ ਵਿਚ। ਪੰਜਾਬ ਪਿਛਲੇ ਵਰ੍ਹਿਆਂ ਵਿਚ ਲਗਾਤਾਰ ਇਨ੍ਹਾਂ ਸਥਿਤੀਆਂ ਵਿਚੋਂ ਲੰਘਿਆ ਹੈ। . . . ਇਨ੍ਹਾਂ ਵਿਚੋਂ 'ਵਾਪਸੀ', 'ਭੱਜੀਆਂ ਬਾਹੀਂ' ਜਾਂ 'ਮੈਂ ਹੁਣ ਠੀਕ ਠਾਕ ਹਾਂ' ਵਰਗੀਆਂ ਲੰਮੀਆਂ ਕਹਾਣੀਆਂ ਉਭਰੀਆਂ ਹਨ। . . . ਜਿਸ ਲਈ ਵਰਿਆਮ ਸਿੰਘ ਸੰਧੂ ਦੀਆਂ ਲੰਮੀਆਂ ਕਹਾਣੀਆਂ ਇਸ ਦੌਰ ਵਿਚ ਇਸ ਜ਼ਿੰਮੇਵਾਰੀ ਵਿਚੋਂ ਉੱਘੜਦੀਆਂ ਤੇ ਇਸ ਜ਼ਿੰਮੇਵਾਰੀ ਦੀ ਚੇਤਨਾ ਕਰਕੇ ਹੀ ਉਹ ਮੁੱਖ ਕਹਾਣੀਕਾਰ ਦੇ ਤੌਰ 'ਤੇ ਉਭਰਿਆ ਹੈ ਜਿਸਦਾ ਅਸਰ ਸਹਿਜੇ ਹੀ ਅਜਿਹੀ ਭਵਿੱਖ ਦੀ ਕਹਾਣੀ ਉੱਤੇ ਪੈਂਦਾ ਹੈ।"[18]

ਅਸੀਂ ਵਰਿਆਮ ਸਿੰਘ ਸੰਧੂ ਦੇ ਪ੍ਰਸੰਗ ਵਿਚ ਜਿਨ੍ਹਾਂ ਵਡੇਰੇ ਮਸਲਿਆਂ ਤੇ ਮੁੱਦਿਆਂ ਬਾਰੇ ਗੱਲ ਕੀਤੀ ਹੈ ਉਨ੍ਹਾਂ ਵਿਚ ਪੰਜਾਬ ਦੀ ਕਿਸਾਨੀ ਪੇਸ਼-ਪੇਸ਼ ਰਹੀ ਹੈ। ਇਸ ਵਰਗ ਦਾ ਵਡੇਰੇ ਹਿੱਸਾ 'ਜੱਟ ਜਾਤੀ' ਨਾਲ ਸੰਬੰਧਿਤ ਹੋਣ ਕਰਕੇ ਇਸ ਦੇ ਸੁਭਾਅ ਤੇ ਖ਼ਸਲਤਾਂ ਦਾ ਅਸਰ ਵੀ ਪੰਜਾਬ ਦੇ ਇਤਹਾਸ ਉੱਤੇ ਪੈਂਦਾ ਰਿਹਾ। ਇਸ ਜਾਤੀ ਦਾ ਇਕ ਵਿਸ਼ੇਸ਼ ਲੱਛਣ ਇਸਦਾ ਖਾੜਕੂ ਤੇ ਮਾਅਰਕੇਬਾਜ਼ ਸੁਭਾਅ ਹੈ। ਜੇ ਇਹ ਸੁਭਾਅ ਠੀਕ ਦਿਸ਼ਾ ਵਿਚ ਪਰਿਵਰਤਿਤ ਹੋਵੇ ਤਾਂ ਸ੍ਵੈ ਮਾਣ ਦੀ ਸ਼ਕਲ ਅਖ਼ਤਿਆਰ ਕਰ ਜਾਂਦਾ ਹੈ, ਪਰ ਜੇ ਇਹ ਗਲਤ ਦਿਸ਼ਾ ਵੱਲ ਝੁਕ ਜਾਏ ਤਾਂ ਫੋਕਾ ਕਬਾਇਲੀ ਅਭਿਮਾਨ ਬਣ ਕੇ ਉੱਘੜਦਾ ਹੈ। ਸੰਧੂ ਦੀਆਂ ਕਹਾਣੀਆਂ ਵਿਚ ਜੱਟ-ਕਿਸਾਨੀ ਦਾ ਇਹ ਦੋਵੇਂ ਤਰ੍ਹਾਂ ਦਾ ਕਿਰਦਾਰ ਪੇਸ਼ ਹੋਇਆ ਹੈ। ਪੰਜਾਬੀ ਕਿਸਾਨੀ ਦਾ ਇਹੋ ਸ੍ਵੈਮਾਣ ਭਰਿਆ ਸੁਭਾਅ ਲੇਖਕ ਦੇ ਸੁਭਾਅ ਤੇ ਦ੍ਰਿਸ਼ਟੀਕੋਣ ਨੂੰ ਪ੍ਰਭਾਵਿਤ ਤੇ ਸੰਚਾਲਿਤ ਕਰਦਾ ਹੈ। ਲੇਖਕ ਮੁਤਾਬਿਕ, "ਅੱਜ ਵੀ

ਸ੍ਵੈ ਮਾਣ ਨਾਲ ਜਿਉਣਾ ਮੇਰਾ ਆਦਰਸ਼ ਹੈ। ਮੈਨੂੰ ਇਹ ਵੀ ਸੁਚੇਤ ਅਹਿਸਾਸ ਹੈ ਕਿ ਬੰਦਾ ਤਾਂ ਪਾਣੀ ਦਾ ਬੁਲਬੁਲਾ ਹੈ। ਮੈਂ ਭਾਵੇਂ ਬੁਲਬੁਲੇ ਵਾਂਗ ਇਕ ਪਲ ਜੀਵਾਂ ਪਰ ਉਸ ਵਾਂਗ ਪਾਣੀ ਦੀ ਹਿੱਕ ’ਤੇ ਸਿਰ ਉੱਚਾ ਚੁੱਕ ਕੇ ਜਿਉਣ ਵਿਚ ਵਿਸ਼ਵਾਸ ਰਖਦਾ ਹਾਂ। ਮੇਰੀ ਰੀਝ ਹੈ ਕਿ ਅਜਿਹੇ ਹਾਲਾਤ ਸਿਰਜੇ ਜਾ ਸਕਣ ਜਿਨ੍ਹਾਂ ਵਿਚ ਮੇਰੀਆਂ ਕਹਾਣੀਆਂ ਦੇ ਪਾਤਰ ਤੇ ਮੇਰੇ ਆਲੇ ਦੁਆਲੇ ਦੇ ਲੋਕ ਵੀ ਸਿਰ ਉੱਚਾ ਚੁੱਕ ਕੇ ਸਵੈਮਾਣ ਨਾਲ ਜੀਊ ਸਕਣ।”[19]

ਉਸਦੇ ਪਾਤਰ ਜ਼ਿੰਦਗੀ ਦੇ ਸੰਘਰਸ਼ ਵਿਚ ਹਾਰਦੇ ਹਨ ਕਿਉਂਕਿ ਹਾਲਾਤ ਉਨ੍ਹਾਂ ਦੇ ਅਨੁਕੂਲ ਨਹੀਂ, ਪਰ ਉਹ ਹੌਸਲਾ ਨਹੀਂ ਹਾਰਦੇ। ਉਹ ਹਰ ਵਿਰੋਧੀ ਹਾਲਾਤ ਵਿਚ ਵੀ ਜਿਊਣ ਦਾ ਕੋਈ ਬਹਾਨਾ ਤਲਾਸ਼ ਕਰ ਲੈਂਦੇ ਹਨ। ‘ਸੁਨਹਿਰੀ ਕਿਣਕਾ’ ਦਾ ਫ਼ੌਜੂ ਇਸਦੀ ਪ੍ਰਮਾਣਿਕ ਮਿਸਾਲ ਹੈ। ਹੱਥ ਵਿਚ ਦਾਤਰ ਲਈ ਹਰ ਰੋਜ਼ ਕਿਸੇ ਨਾ ਕਿਸੇ ਨੂੰ ਆਪਣੀ ਧੌਣ ’ਤੇ ਦਾਤਰ ਦਾ ਵਾਰ ਕਰਨ ਲਈ ਸੱਦਾ ਦੇਣ ਵਾਲਾ ਫ਼ੌਜੂ ਜਦੋਂ ਇਹ ਜਾਣ ਲੈਂਦਾ ਹੈ ਕਿ ਉਸ ਦੀ ਹੀ ਬਿੰਦ ਤੋਂ ਪੈਦਾ ਹੋਇਆ ਉਸਦਾ ਰਿਸ਼ਤੇ ਵਿਚ ਭਤੀਜਾ, ਪਰ ਹਕੀਕਤ ਵਿਚ ਉਸਦਾ ਪੁੱਤਰ ਭਜਨਾ ਹੀ ਉਸ ਨਾਲ ਦੋ ਹੱਥ ਕਰਨ ਆਉਣ ਲਈ ਲਿਖਦਾ ਹੈ ਤਾਂ ਡੁੱਬ ਮਰਨ ਦਾ ਫ਼ੈਸਲਾ ਲੈ ਕੇ ਵੀ ਉਹ ਢਾਬ ਵਿਚੋਂ ਬਾਹਰ ਨਿਕਲ ਆਉਂਦਾ ਹੈ। ਪੁੱਛਣ ’ਤੇ ਆਖਦਾ ਹੈ ਕਿ, “ਮੈਂ ਸੋਚਿਆ ਮਰਨ ਤੋਂ ਪਹਿਲਾਂ ਉਸ ਦਾ ਸਹੁਰੇ ਦਾ, ਇਕ ਵਾਰ ਮੂੰਹ ਈ ਵੇਖ ਲਵਾਂ. . . ਮਨਾਂ ਮਰ ਤੇ ਜਾਣਾ ਹੀ ਆਂ।”[20] ਅਤਿ ਦੇ ਵਿਰੋਧੀ ਹਾਲਾਤ ਵਿਚ ਵੀ ਵਰਿਆਮ ਸਿੰਘ ਸੰਧੂ ਦੇ ਪਾਤਰ ਜਿਊਣ ਦਾ ਕੋਈ ਨਾ ਕੋਈ ਰਾਹ ਲੱਭ ਹੀ ਲੈਂਦੇ ਹਨ। ਉਸਦੇ ਪਾਤਰ ਖ਼ੁਦਕੁਸ਼ੀ ਕਰਨ ਨਾਲੋਂ ਵਿਰੋਧੀ ਹਾਲਾਤ ਨਾਲ ਲੜਨ ਨੂੰ ਤਰਜੀਹ ਦੇਂਦੇ ਹਨ। ਹੈ ਤਾਂ ਭਾਵੇਂ ਆਪਣੇ ਆਪ ਨੂੰ ਧੋਖਾ ਦੇਣ ਦਾ ਹੀ ਵਸੀਲਾ, ਪਰ ਫਿਰ ਵੀ ਉਹ ਰੋਂਦੇ ਰਹਿਣ ਵਿਚ ਯਕੀਨ ਨਹੀਂ ਰੱਖਦੇ। ‘ਡੁੰਮ੍ਹ’ ਕਹਾਣੀ ਦੇ ਪਾਤਰ ਤੇਜੂ ਵਾਂਗ ਹਾਰ ਜਾਣ ਦੇ ਬਾਵਜੂਦ ਮੁੜ ਤੋਂ ਨਵੀਂ ਲੜਾਈ ਲਈ ਤਿਆਰ ਹੁੰਦੇ ਹਨ, “ਪੰਜਾਬ ਦਾ ਕਿਸਾਨ ਜਿਹੜਾ ਤੰਗੀਆਂ-ਤੁਰਸ਼ੀਆਂ ਅਤੇ ਦੁੱਖ ਤਕਲੀਫ਼ਾਂ ਨੂੰ ਸਹਿ ਸਕਣ ਲਈ ਪ੍ਰਸਿੱਧ ਸੀ, ਅੱਜ ਖ਼ੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ।

'ਡੁੰਮ੍ਹ' ਦਾ ਤੇਜੂ ਅੱਜ ਦੇ ਦਿਲ ਛੱਡ ਬੈਠੇ ਕਿਸਾਨ ਲਈ ਜੁਝਾਰੂ ਯੋਧੇ ਵਾਂਗ ਦੁੱਖਾਂ ਨਾਲ ਲੜਨ ਦੀ ਤਾਕਤ ਮੁਹੱਈਆ ਕਰਵਾਉਂਦੇ ਮਾਡਲ ਵਜੋਂ ਪੇਸ਼ ਹੁੰਦਾ ਹੈ।"[21]

ਉਸਦੇ ਪਾਤਰਾਂ ਦੀ ਅਜਿਹੀ ਚੋਣ ਤੇ ਵਿਹਾਰ ਪਿੱਛੇ ਲੇਖਕ ਦੀ ਰਚਨਾ ਦ੍ਰਿਸ਼ਟੀ ਕਾਰਜਸ਼ੀਲ ਰਹਿੰਦੀ ਹੈ। ਵਿਸ਼ਾਦਗ੍ਰਸਤ ਹੋ ਕੇ ਢਹਿੰਦੀ ਕਲਾ ਵਿਚ ਚਲੇ ਜਾਣਾ ਜਾਂ ਖ਼ੁਦਕੁਸ਼ੀ ਕਰ ਲੈਣਾ ਲੇਖਕ ਦੀ ਦ੍ਰਿਸ਼ਟੀ ਵਿਚ ਪ੍ਰਵਾਨ ਕਰਨਯੋਗ ਨਹੀਂ। ਬੇਸ਼ੱਕ, ਦੁਖਾਂਤਕ ਹਾਲਾਤ ਦੀ ਭਰਪੂਰ ਅੱਕਾਸੀ ਕੀਤੀ ਜਾਵੇ, ਪਰ ਕਿਸੇ ਵੀ ਸੂਰਤ ਵਿਚ ਪਾਤਰ ਜਾਂ ਪਾਠਕ ਨੂੰ ਜ਼ਿੰਦਗੀ ਨੂੰ ਤਿਆਗਣ, ਖ਼ੁਦਕੁਸ਼ੀ ਕਰ ਲੈਣ ਜਾਂ ਪਲਾਇਨ ਕਰ ਜਾਣ ਦੀ ਥਾਂ ਜ਼ਿੰਦਗੀ ਨਾਲ ਜੋੜ ਕੇ ਰੱਖਣਾ ਉਸਦਾ ਪਹਿਲਾ ਮਕਸਦ ਹੈ : "ਇਹ ਵੀ ਠੀਕ ਹੈ ਕਿ ਕਿਰਸਾਣੀ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ, ਪਰ ਮਰਨਾ ਤਾਂ ਕਿਸੇ ਮੁਸ਼ਕਿਲ ਦਾ ਹੱਲ ਨਹੀਂ। ਉਂਜ ਵੀ ਗ਼ਰੀਬੀ ਤੇ ਕੰਗਾਲੀ ਦਾ ਜੀਵਨ ਇਕੱਲੇ ਜੱਟ ਕਿਰਸਾਣ ਹੀ ਤਾਂ ਨਹੀਂ ਭੋਗ ਰਹੇ। ਕਿਰਤੀ ਕਾਮਿਆਂ ਦਾ ਅਜਿਹਾ ਬਹੁਤ ਵੱਡਾ ਵਰਗ ਹੈ ਜੋ ਦੋ ਡੰਗ ਦੀ ਰੋਟੀ ਲਈ ਮੁਥਾਜ ਹੈ। ਨਰਕ ਵਰਗਾ ਜੀਵਨ ਭੋਗ ਰਹੇ ਵੀ ਉਹ ਲੋਕ ਤਾਂ ਖ਼ੁਦਕੁਸ਼ੀਆਂ ਨਹੀਂ ਕਰ ਰਹੇ। ਰੋਜ਼ਾਨਾ ਜੀਵਨ ਦੀਆਂ ਲੋੜਾਂ ਦੀ ਪੂਰਤੀ ਦੀ ਮਜਬੂਰੀ, ਕਿਰਸਾਣ ਦੀ ਔਲਾਦ ਦਾ ਕੰਮ ਤੋਂ ਵਿਜੋਗੇ ਜਾਣ ਤੇ ਫ਼ੈਲਸੂਫ਼ ਬਣ ਜਾਣ ਕਾਰਣ ਜੱਟ ਕਿਰਸਾਣੀ ਦੀ ਫੋਕੀ ਜਟਕੀ ਹਉਂ ਦੀ ਤ੍ਰਿਪਤੀ ਲਈ ਕਰਜ਼ੇ ਚੁੱਕਣ ਦਾ ਰੁਝਾਨ ਏਨਾ ਜ਼ਿਆਦਾ ਵਧ ਗਿਆ ਹੈ ਕਿ ਮੁੜ ਕੇ ਇਸ ਵਿਚੋਂ ਨਿਕਲਣਾ ਉਸ ਲਈ ਅਸੰਭਵ ਹੁੰਦਾ ਜਾ ਰਿਹਾ ਹੈ। ਮਰਨ-ਹਾਰ ਹਾਲਾਤ ਨਾਲ ਲੜਨਾ ਸੌਖਾ ਤਾਂ ਨਹੀਂ ਪਰ ਮਰ ਜਾਣ ਨਾਲੋਂ ਤਾਂ ਸੌਖਾ ਹੈ।"[22]

ਇਹ ਵਰਿਆਮ ਸਿੰਘ ਸੰਧੂ ਦੀ ਰਚਨਾਤਮਕ ਦ੍ਰਿਸ਼ਟੀ ਦੀ ਵਿਸ਼ੇਸ਼ਤਾ ਹੈ ਕਿ ਉਹ ਅਤਿ ਦੀਆਂ ਕਠੋਰ ਹਾਲਤਾਂ ਵਿਚ ਜਿਊਣ ਵਾਲੇ, ਆਰਥਕ ਪੱਖੋਂ ਲਿਤਾੜੇ ਹੋਏ ਪਾਤਰਾਂ ਨੂੰ ਨਿਰਾਸ਼ ਪਾਤਰ ਬਣਾ ਕੇ ਪੇਸ਼ ਨਹੀਂ ਕਰਦਾ ਤੇ ਨਾ ਹੀ ਉਨ੍ਹਾਂ ਲਈ ਹਮਦਰਦੀ ਜਾਂ ਤਰਸ ਦੀ ਮੰਗ ਕਰਦਾ ਹੈ। ਉਹ ਅਜਿਹੀ ਰਚਨਾ-ਜੁਗਤ ਦੀ ਵਰਤੋਂ ਕਰਦਾ ਹੈ ਕਿ ਕਹਾਣੀ ਵਿਚ ਦੁੱਖ ਦਾ ਬੋਝ ਬਹੁਤਾ ਚਿਰ

ਪਾਠਕ ਦੇ ਮਨ 'ਤੇ ਨਹੀਂ ਰਹਿਣ ਦੇਂਦਾ। ਉਹ ਇਸ ਵਿਚ ਵਿਅੰਗ ਜਾਂ ਹਾਸੇ ਦਾ ਅੰਸ਼ ਮਿਲਾ ਕੇ ਦੁੱਖ ਦੇ ਬੋਝ ਨੂੰ ਬੋਝਲ ਤੇ ਦਮਘੋਟੂ ਨਹੀਂ ਬਣਨ ਦੇਂਦਾ : " 'ਡੁੰਮ੍ਹ' ਦਾ ਤੇਜੂ, 'ਸੁਨਹਿਰੀ ਕਿਣਕਾ' ਦਾ ਫ਼ੌਜੂ ਤੇ 'ਨੌਂ ਬਾਰਾਂ ਦਸ' ਦਾ ਨਿੰਦਰ ਇਸੇ ਤਰ੍ਹਾਂ ਦੇ ਜੀਵ ਹਨ ਜੋ ਆਪਣੀ ਤ੍ਰਾਸਦਿਕ ਸਥਿਤੀ ਉੱਤੇ ਰੁਦਨ ਕਰਨ ਦੀ ਬਜਾਇ ਉਸ ਉੱਤੇ ਵਿਅੰਗਮਈ ਹਾਸਾ ਉਪਜਾਉਣ ਨੂੰ ਤਰਜੀਹ ਦੇਂਦੇ ਹਨ। ਇਹ ਵਰਿਆਮ ਦੀ ਕਹਾਣੀ ਕਹਿਣ ਦੀ ਜੁਗਤ ਹੈ ਕਿ ਉਹ ਤ੍ਰਾਸਦਿਕ ਭਾਂਤ ਦੇ ਮਾਹੌਲ ਨੂੰ ਲੰਮੇਂ ਸਮੇਂ ਵਿਚ ਫੈਲਣ ਨਹੀਂ ਦਿੰਦਾ। ਤ੍ਰਾਸਦੀ ਦੇ ਅੰਸ਼ ਨੂੰ ਲੋੜ ਅਨੁਸਾਰ ਉਭਾਰ ਕੇ ਉਹ ਛੇਤੀ ਹੀ ਮਾਹੌਲ ਨੂੰ ਬੋਝਲ ਹੋਣ ਤੋਂ ਬਚਾਉਣ ਦੇ ਆਹਰ ਵਿਚ ਲੱਗ ਜਾਂਦਾ ਹੈ।"[23]

ਆਰਥਕ ਥੁੜ੍ਹਾਂ ਨਿਰਸੰਦੇਹ ਛੋਟੀ ਕਿਸਾਨੀ ਦੇ ਮਾਨਸਿਕ ਸੰਤਾਪ ਦਾ ਕਾਰਣ ਬਣਦੀਆਂ ਹਨ। ਇਸ ਸੰਤਾਪ ਦੀ ਤਹਿ ਵਿਚ ਉੱਤਰਦਿਆਂ ਕਥਾਕਾਰ ਪਾਠਕ ਤੇ ਪਾਤਰ ਨੂੰ ਆਪਣੀ ਹੋਂਦ ਤੇ ਹੋਣੀ ਦੀ ਕਲਾਤਮਕ ਸੋਝੀ ਦੇਣ ਲਈ ਰਾਜਨੀਤੀ, ਸਮਾਜ, ਧਰਮ, ਸਭਿਆਚਾਰ ਤੇ ਇਤਹਾਸ ਦੀਆਂ ਡੂੰਘੀਆਂ ਤਹਿਆਂ ਫਰੋਲਣ ਦੇ ਰਾਹ ਵੀ ਪਾਉਂਦਾ ਹੈ। ਉਹ ਬੰਦੇ ਨੂੰ ਉਸਦੇ ਅਸਤਿਤਵਾਦੀ ਸੰਕਟ ਦੇ ਰੂਬਰੂ ਕਰਦਿਆਂ ਸਾਡੀ ਭਾਰਤੀ ਤੇ ਪੰਜਾਬੀ ਸੰਸਕ੍ਰਿਤੀ ਦੇ ਮੂਲਾਂ ਤੱਕ ਉਤਰ ਜਾਣ ਦਾ ਮੌਲਿਕ ਤੇ ਕਲਾਤਮਕ ਚਾਰਾ ਕਰਦਾ ਹੈ। " 'ਵਾਪਸੀ' ਨਾਮੀ ਕਹਾਣੀ ਵਿਚ ਮੌਲਿਕਤਾ ਵਿਲੱਖਣ ਹੋਣ ਦੀ ਅਭਿਲਾਸ਼ਾ ਨਾ ਰਹਿ ਕੇ ਮੂਲਾਂ ਤੱਕ ਲਹਿ ਜਾਣ ਦੀ ਪ੍ਰਵਿਰਤੀ ਬਣ ਜਾਂਦੀ ਹੈ।"[24] ਸਾਡੀ ਸੰਸਕ੍ਰਿਤੀ ਵਿਚ ਪਰਮ ਸੁਖ ਦੀ ਪ੍ਰਾਪਤੀ ਲਈ ਦੋ ਮਾਰਗਾਂ ਦਾ ਅਕਸਰ ਜ਼ਿਕਰ ਹੁੰਦਾ ਹੈ ; ਇਕ ਹੈ ਨਵਿਰਤੀ ਦਾ ਤੇ ਦੂਸਰਾ ਪ੍ਰਵਿਰਤੀ ਦਾ ਮਾਰਗ। ਨਵਿਰਤੀ ਮਾਰਗ ਤੋਂ ਭਾਵ ਹੈ ਜ਼ਿੰਦਗੀ ਦੇ ਦੁੱਖਾਂ, ਸੰਘਰਸ਼ਾਂ ਤੋਂ ਘਬਰਾ ਕੇ ਅਧਿਆਤਮ ਦੀ ਬੁੱਕਲ ਵਿਚ ਪਨਾਹ ਲੈਣ ਤੇ ਹਾਲਾਤ ਦਾ ਸਾਹਮਣਾ ਕਰਨ ਦੀ ਬਜਾਇ ਪਲਾਇਨ ਕਰ ਜਾਣਾ, ਜਦਕਿ ਪ੍ਰਵਿਰਤੀ ਮਾਰਗ ਜ਼ਿੰਦਗੀ ਨੂੰ ਕਰਮ ਖੇਤਰ ਸਮਝ ਕੇ ਵਿਰੋਧੀ ਹਾਲਾਤ ਨਾਲ ਹਰ ਸੰਭਵ ਲੜਾਈ ਲੜਨਾ। ਪ੍ਰਵਿਰਤੀ ਮਾਰਗ ਵਿਚ ਮਾਨਵੀ ਗੌਰਵ ਦੀ ਪ੍ਰਾਪਤੀ ਮਨੁੱਖ ਦੇ ਰਣ ਖੇਤਰ ਵਿਚ ਲਗਾਤਾਰ ਜੂਝਣ ਵਿਚ ਹੈ।

'ਵਾਪਸੀ' ਕਹਾਣੀ ਦਾ ਸੰਤਾ ਸਿੰਘ ਪਰਿਵਾਰ, ਪਤਨੀ, ਭਾਈਚਾਰੇ ਤੇ ਰਿਸ਼ਤੇਦਾਰੀ ਦੇ ਵਤੀਰੇ ਤੋਂ ਉਦਾਸੀਨ ਤੇ ਦੁਖੀ ਹੈ। ਉਹ ਮਾਨਸਿਕ ਸਕੂਨ ਦੀ ਭਾਲ ਵਿਚ ਧਰਮ ਦਾ ਸਹਾਰਾ ਲੈਂਦਾ ਹੈ ਤੇ ਘਰ ਤਿਆਗ ਕੇ ਪਿੰਡ ਤੋਂ ਦੂਰ ਕਿਸੇ ਗੁਰਦੁਆਰੇ ਵਿਚ ਗ੍ਰੰਥੀ ਦੀ ਸੇਵਾ ਨਿਭਾਉਂਦਾ ਹੋਇਆ ਮੋਹ ਮਾਇਆ ਤੋਂ ਮੁਕਤ ਰਹਿਣ ਦੀ ਕੋਸ਼ਿਸ਼ ਕਰਨ ਲੱਗਦਾ ਹੈ। ਗ੍ਰਹਿਸਤ ਤੋਂ ਉਪਰਾਮ ਹੋਣਾ ਪੰਜਾਬੀ ਸੁਭਾਅ ਵਿਚ ਰਚਿਆ ਆਦਿ ਕਾਲੀ ਲੱਛਣ ਹੈ। ਹਰ ਪੰਜਾਬੀ ਦੇ ਅੰਦਰ ਕੋਈ ਜੋਗੀ ਬੈਠਾ ਹੋਇਆ ਹੈ ਜੋ ਮੌਕਾ ਮਿਲਣ 'ਤੇ ਸੰਸਾਰਕ ਧੰਦਿਆਂ ਨੂੰ ਤਿਆਗ ਕੇ ਪਲਾਇਨ ਦੇ ਰਾਹ ਪੈ ਜਾਂਦਾ ਹੈ। ਪੰਜਾਬ ਦੀ ਕਿਸਾਨੀ ਵਿਚ ਇਹ ਰੁਝਾਨ ਸਦੀਆਂ ਤੋਂ ਤੁਰਿਆ ਆ ਰਿਹਾ ਹੈ। ਮਿਹਨਤ-ਮੁਸ਼ੱਕਤ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਨਾ ਕਰਦੇ ਹੋਏ ਜੱਟਾਂ ਦੇ ਸਾਧ ਹੋ ਜਾਣ ਦੀਆਂ ਅਨੇਕਾਂ ਕਥਾਵਾਂ ਪ੍ਰਚਲਤ ਹਨ। ਦੂਸਰੇ ਪਾਸੇ, ਸੰਤਾ ਸਿੰਘ ਦਾ ਭਤੀਜਾ ਇਸ ਸਮੁੱਚੇ ਮਾਨਵ-ਵਿਰੋਧੀ ਪ੍ਰਬੰਧ ਨੂੰ ਤਬਦੀਲ ਕਰਨ ਲਈ ਘਰ ਦਾ ਤਿਆਗ ਕਰਕੇ ਅੰਡਰਗਰਾਊਂਡ ਵਿਚਰ ਰਿਹਾ ਹੈ : "ਸੰਤਾ ਸਿੰਘ ਤੇ ਕੁਲਦੀਪ ਦੋਵੇਂ ਸਮਾਜ ਤੋਂ ਭੱਜੀਆਂ ਹੋਈਆਂ ਇਕਾਈਆਂ ਹਨ, ਦੋਵੇਂ ਆਪਣੇ-ਆਪਣੇ ਢੰਗ ਨਾਲ ਜੂਝ ਰਹੇ ਹਨ, ਪ੍ਰੰਤੂ ਦੋਹਾਂ ਦਾ ਸਫ਼ਰ ਵੱਖ-ਵੱਖ ਦਿਸ਼ਾਵਾਂ ਵੱਲ ਹੈ।"[25] ਕਹਾਣੀਕਾਰ ਦੇ ਸ਼ਬਦਾਂ ਵਿਚ : "ਇਕ ਘਰ ਤੋਂ ਦੋ ਜਣੇ ਨਿਕਲੇ ਸਨ। ਚਾਚਾ ਇਸ ਕਰਕੇ ਨਿਕਲਿਆ ਸੀ ਕਿਉਂਕਿ ਉਸਨੂੰ ਲੱਗਦਾ ਸੀ ਕਿ ਘਰ ਤੇ ਜੱਗ ਦਾ ਤਾਂ ਕੁਝ ਨਹੀਂ ਸੌਰ ਸਕਦਾ ਸੋ ਬੰਦਾ ਆਪਣਾ ਆਪ ਹੀ ਸਵਾਰ ਲਵੇ ਤਾਂ ਬੜੀ ਗੱਲ ਹੈ ਤੇ ਭਤੀਜਾ ਇਸ ਕਰਕੇ ਨਿਕਲਿਆ ਸੀ ਕਿ ਘਰ ਦਾ ਤੇ ਆਪਣਾ ਵੀ ਤਾਂ ਹੀ ਸੌਰ ਸਕਦਾ ਸੀ ਜੇ ਪਹਿਲਾਂ ਜੱਗ ਦਾ ਕੁਝ ਸਵਾਰ ਲਿਆ ਜਾਵੇ।"[26]

ਕੁਲਦੀਪ ਆਪਣੇ ਸੁਪਨਿਆਂ ਦੇ ਹਾਣ ਦਾ ਸਮਾਜ ਤੇ ਰਾਜ ਸਿਰਜਣ ਲਈ ਬਗ਼ਾਵਤ ਦੇ ਰਾਹ ਪਿਆ ਹੋਇਆ ਹੈ। ਪਰ ਉਸਦੇ ਲੋਕ ਸਾਥ ਤੋਂ ਵਿਰਵੇ ਸੰਘਰਸ਼ ਦੀਆਂ ਆਪਣੀਆਂ ਸੀਮਾਵਾਂ ਹਨ। ਦੋਹਾਂ ਦੇ ਸੰਘਰਸ਼ 'ਤੇ ਟਕਰਾਉਂਦੇ ਨਜ਼ਰੀਏ ਨੂੰ ਪੇਸ਼ ਕਰਦਿਆਂ ਲੇਖਕ ਆਪਣੀ ਰਚਨਾਤਮਕ ਦ੍ਰਿਸ਼ਟੀ ਰਾਹੀਂ ਇਕ ਸੰਤੁਲਨ ਸਿਰਜਣ ਦੇ ਯਤਨ ਵਿਚ ਹੈ ਅਤੇ ਦੋਹਾਂ ਧਿਰਾਂ ਲਈ ਲੜਨ ਦਾ ਨਵਾਂ

ਰਾਹ ਸੁਝਾਉਂਦਾ ਜਾਪਦਾ ਹੈ। ਲੇਖਕ ਕਿਸੇ ਵੀ ਤਰ੍ਹਾਂ ਹਾਰ ਮੰਨਣ ਲਈ ਰਾਜ਼ੀ ਨਹੀਂ। ਜੇ ਇਕ ਵਾਰ ਖਾਲੀ ਜਾਂਦਾ ਹੈ ਤਾਂ ਉਹ ਪੈਂਤੜਾ ਜਾਂ ਦਿਸ਼ਾ ਬਦਲ ਕੇ ਵਾਰ ਕਰਨ ਦਾ ਸੁਨੇਹਾ ਦੇਂਦਾ ਹੈ। ਪਰ ਇਹ ਸੁਨੇਹਾ ਨਿਸ਼ਚੇ ਹੀ ਜੂਝਣ ਦਾ ਹੈ। ਮੈਦਾਨ ਛੱਡ ਕੇ ਭੱਜਣ ਦਾ ਕਦਾਚਿਤ ਨਹੀਂ। ‘‘ਕਹਾਣੀਕਾਰ ਨਜ਼ਰੀਏ ਦੇ ਏਸ ਦਵੰਦ ਨੂੰ ਪੇਸ਼ ਕਰਦਿਆਂ ਸਮੁੱਚੀ ਪੰਜਾਬੀ ਸੰਸਕ੍ਰਿਤੀ ਦਾ ਭਰਪੂਰ ਤੇ ਗੱਠਵਾਂ ਬਿੰਬ ਮੂਰਤੀਮਾਨ ਕਰ ਜਾਂਦਾ ਹੈ। ਇਹਨਾਂ ਦੋਹਾਂ  ਨਜ਼ਰੀਆਂ ਨਾਲ ਪੰਜਾਬੀ ਲੋਕ ਸਦੀਆਂ ਤੋਂ ਜੂਝ ਰਹੇ ਹਨ। ਕੀ ਸਿਰਫ਼ ਹਿੰਸਾ ਹੀ ਮਾਨਵੀ ਸੁਖ ਦੀ ਤਲਾਸ਼ ਦਾ ਅੰਤਮ ਹਥਿਆਰ ਹੈ ਜਾਂ ਜ਼ਿੰਦ.ਗੀ ਦੇ ਕਰਮ ਖੇਤਰ ਤੋਂ ਪਲਾਇਨ ਕਰ ਜਾਣਾ। ਲੇਖਕ ਦੋਹਾਂ ਪੱਖਾਂ ’ਤੇ ਆਲੋਚਨਾਤਮਕ ਝਾਤ ਪਾ ਕੇ ਇਕ ਸੰਤੁਲਨ ਲੱਭਣ ਦਾ ਯਤਨ ਕਰਦਾ ਹੈ। . . . ਸੰਘਰਸ਼ ਅਤੇ ਨਿਰਾਸ਼ਾ ਦਾ ਸਮਾਧਾਨ ਮੌਤ ਅਤੇ ਪਲਾਇਨ ਦੋਹਾਂ ਵਿਚੋਂ ਹੀ ਕਿਸੇ ਵਿਚ ਨਹੀਂ। ਵਿਕਲਪ ਇਕੋ ਹੀ ਹੈ : ਨਿਰੰਤਰ ਜੂਝਣਾ . . . ਪੀੜ੍ਹੀ ਦਰ ਪੀੜ੍ਹੀ ਜੂਝਣਾ . . . ਅਤੇ ਏਸੇ ਵਿਚ ਹੀ ਮਨੁੱਖ ਦਾ ਗੌਰਵ ਹੈ।’’[27]

ਪੰਜਾਬੀ ਸੰਸਕ੍ਰਿਤੀ ਦੇ ਮੂਲ ਵਿਚ ਲਹਿ ਕੇ ਇਹ ਕਹਾਣੀ ਪੰਜਾਬੀ ਮਾਨਸਿਕਤਾ ਦੀ ਬਾਤ ਜਿਸ ਵਿਆਪਕ ਪੱਧਰ ’ਤੇ ਕਲਾਤਮਕਤਾ ਨਾਲ ਪਾਉਂਦੀ ਹੈ, ਉਸ ਤੋਂ ਅਸੀਂ ਸਹਿਜੇ ਹੀ ਡਾ. ਜੋਗਿੰਦਰ ਸਿੰਘ ਕੈਰੋਂ ਦੇ ਇਸ ਕਥਨ ਨਾਲ ਸਹਿਮਤ ਹੋ ਸਕਦੇ ਹਾਂ : ‘‘ ‘ਵਾਪਸੀ’ ਕਹਾਣੀ ਪੜ੍ਹਨ ਤੋਂ ਬਾਅਦ ਇੰਜ ਲੱਗਿਆ ਜਿਵੇਂ ਪਹਿਲੀ ਵਾਰ ਪੰਜਾਬ ਦੀ ਕਹਾਣੀ ਲਿਖੀ ਗਈ ਹੋਵੇ। ਪੰਜਾਬੀ ਕਹਾਣੀ ਦਾ ਜੇਕਰ ਕੋਈ ਮਾਡਲ ਤਿਆਰ ਕਰਨਾ ਹੋਵੇ ਤਾਂ ਇਸ ਕਹਾਣੀ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਪੰਜਾਬੀ ਸਭਿਆਚਾਰ ਦੀਆਂ ਬਹੁਤ ਸਾਰੀਆਂ ਰੂੜ੍ਹੀਆਂ ਤੇ ਰੂੜ੍ਹ ਕਥਾਵਾਂ ਇਸ ਕਹਾਣੀ ਵਿਚ ਹਨ। ਇਸ ਦੇ ਨਾਲ ਹੀ ਪੰਜਾਬੀ ਸਭਿਆਚਾਰ ਦੇ ਮੂਲ ਵਿਰੋਧ ਸਾਹਮਣੇ ਆਉਂਦੇ ਹਨ।’’[28]

ਲੇਖਕ ਜੀਵਨ ਦੇ ਵਿਰਾਟ ਪਾਸਾਰੇ ਵਿਚੋਂ ਰੁਚੀਆਂ ਤੇ ਦ੍ਰਿਸ਼ਟੀਕੋਣ ਅਨੁਸਾਰ ਉਸਦੇ ਕੁਝ ਅੰਸ਼ਾਂ ਨੂੰ ਲੈ ਕੇ ਕੱਟਦਾ, ਤਰਾਸ਼ਦਾ ਤੇ ਮੁੜ ਤੋਂ ਵਿਉਂਤਦਾ ਤੇ ਸੰਵਾਰਦਾ ਹੈ। ਅਜਿਹਾ ਕਰਕੇ ਉਹ ਆਪਣੀ ਰਚਨਾ ਰਾਹੀਂ ਇਕ ਵਿਸ਼ੇਸ਼ ਪ੍ਰਭਾਵ ਸਿਰਜਣਾ ਚਾਹੁੰਦਾ ਹੈ ਤੇ ਇਸ ਪ੍ਰਭਾਵ ਅਧੀਨ ਉਹ

ਆਪਣੇ ਪਾਠਕ ਨੂੰ ਆਪਣੀਆਂ ਰੁਚੀਆਂ ਤੇ ਦ੍ਰਿਸ਼ਟੀਕੋਣ ਮੁਤਾਬਕ ਢਾਲਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਉਹ ਵਿਸ਼ੇਸ਼ ਸਭਿਆਚਾਰਕ ਮੁੱਲਾਂ ਨੂੰ ਸਾਹਿਤਕ ਚਿਤਰ ਰਾਹੀਂ ਪਾਠਕ ਦੀ ਸ਼ਖ਼ਸੀਅਤ ਦਾ ਅੰਗ ਬਣਾਉਣਾ ਲੋੜਦਾ ਹੈ। ਇਸ ਪ੍ਰਕ੍ਰਿਆ 'ਚੋਂ ਗੁਜ਼ਰਦੇ ਹੋਏ ਲੇਖਕ ਕੇਵਲ ਪ੍ਰਾਪਤ ਸਮਾਜਕ ਸਭਿਆਚਾਰਕ ਮੁੱਲਾਂ, ਰਹੁ-ਰੀਤਾਂ ਤੇ ਸੰਸਥਾਵਾਂ ਦਾ ਚਰਚਾ ਹੀ ਨਹੀਂ ਕਰ ਰਿਹਾ ਹੁੰਦਾ, ਸਗੋਂ ਅਜਿਹੇ ਮੁੱਲਾਂ ਤੇ ਸੰਸਕਾਰਾਂ ਦੀ ਸਥਾਪਨਾ ਵੀ ਕਰ ਰਿਹਾ ਹੁੰਦਾ ਹੈ, ਜੋ ਪਾਠਕ ਦੀ ਸ਼ਖ਼ਸੀਅਤ ਤੇ ਚੇਤਨਾ ਵਿਚ ਕੁਝ ਨਵਾਂ ਵੀ ਜੋੜੇ ਤੇ ਉਸ ਨੂੰ ਆਨੰਦ ਦੀ ਅਨੁਭੂਤੀ ਵੀ ਹੋਵੇ। ਅਜਿਹਾ ਕਰਦੇ ਸਮੇਂ ਉਹ ਸਮਾਜ ਤੇ ਸਭਿਆਚਾਰ ਨੂੰ ਪਰਿਵਰਤਨ ਦੀ ਪ੍ਰਕ੍ਰਿਆ ਵਿਚੋਂ ਗੁਜ਼ਾਰ ਰਿਹਾ ਹੁੰਦਾ ਹੈ : ‘‘ਕਿਉਂਕਿ ਮਾਨਸਿਕ ਉਤਪਾਦਨ ਨੂੰ ਹੀ ਸਭਿਆਚਾਰ ਕਿਹਾ ਜਾਂਦਾ ਹੈ ਅਤੇ ਇਸ ਲਈ ਮਾਨਸਿਕ ਸਿਰਜਣਾ ਹੋਣ ਦੇ ਨਾਤੇ ਸਾਹਿਤ ਵੀ ਸਭਿਆਚਾਰ ਦਾ ਹੀ ਇਕ ਅੰਗ ਹੈ। ਇਹ ਅੰਗ ਸੰਸਕ੍ਰਿਤੀ ਦੇ ਹੋਰ ਅੰਗਾਂ ਜਿਵੇਂ ਧਰਮ, ਦਰਸ਼ਨ, ਸਦਾਚਾਰ, ਰਾਜਨੀਤੀ ਨਾਲ ਸੰਬੰਧਤ ਤਾਂ ਹੈ, ਪਰ ਹੋਰ ਅੰਗਾਂ ਦੀ ਤਰ੍ਹਾਂ ਇਸ ਦੀ ਖ਼ੁਦਮੁਖ਼ਤਾਰ ਹੋਂਦ ਹੈ। ਇਹ ਖ਼ੁਦਮੁਖ਼ਤਾਰੀ ਇਸ ਦੀ ਰੂਪ ਰਚਨਾ ਦੀ ਵਿਲੱਖਣਤਾ ਕਰਕੇ ਹੈ।’’[29]

ਰੂਪ ਰਚਨਾ ਦੀ ਵਿਲੱਖਣਤਾ ਕਾਇਮ ਰੱਖਦਿਆਂ ਵਰਿਆਮ ਸਿੰਘ ਸੰਧੂ ਜਿਵੇਂ ਧਰਮ, ਦਰਸ਼ਨ, ਸਦਾਚਾਰ, ਰਾਜਨੀਤੀ ਤੇ ਅਰਥ ਨੂੰ ਆਪਣੀ ਕਹਾਣੀ ਰਚਨਾ ਦਾ ਵਿਸ਼ਾ ਬਣਾਉਂਦਾ ਹੈ। ਅਸੀਂ ਇਸਦੇ ਡੂੰਘ ਵਿਚ ਉਤਰਨ ਦਾ ਅਗਲਾ ਯਤਨ ਕਰਦਿਆਂ ਉਸਦੀ ਕਹਾਣੀ ਵਿਚਲੇ ਕਿਸਾਨੀ ਦੇ ਰਾਜਨੀਤਿਕ ਸਰੋਕਾਰਾਂ ਦੀ ਪ੍ਰਸੰਗਿਕਤਾ ਦਾ ਅਧਿਐਨ ਵੀ ਕਰ ਸਕਦੇ ਹਾਂ। ਲੇਖਕ ਆਪਣੀ ਰਚਨਾ ਕਾਲ ਦੇ ਮੁੱਢ ਵਿਚ ਵੀ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਸੀ। ਪੰਜਾਬ ਵਿਚ ਉੱਠੀ ਨਕਸਲੀ ਲਹਿਰ ਸਮੇਂ ਉਸਨੇ ਇਕ ਸਰਗਰਮ ਰਾਜਨੀਤਿਕ ਕਾਰਕੁੰਨ ਵਜੋਂ ਵੀ ਵਿਚਰਣਾ ਸ਼ੁਰੂ ਕਰ ਦਿੱਤਾ। ਇਸ ਸਮੇਂ ਸਾਹਿਤ ਨੂੰ ਇਨਕਲਾਬ ਲਈ ਵਰਤਣਾ ਉਸਦਾ ਰਚਨਾਤਮਕ ਉਦੇਸ਼ ਬਣ ਗਿਆ ਤੇ ਬਹੁਤੀ ਰਚਨਾ ਇਸੇ ਮਕਸਦ ਦੀ ਪੂਰਤੀ ਉੱਪਰ ਕੇਂਦ੍ਰਿਤ ਸੀ। ਇਹ ਮਕਸਦ

ਸਾਹਿਤ ਨਾਲੋਂ ਰਾਜਨੀਤਿਕ ਵਧੇਰੇ ਸੀ। ਉਸਦੇ ਪਹਿਲੇ ਕਹਾਣੀ ਸੰਗ੍ਰਹਿ *ਲੋਹੇ ਦੇ ਹੱਥ* ਦੀਆਂ ਕਹਾਣੀਆਂ ਇਸੇ ਮਕਸਦ ਦੁਆਲੇ ਘੁੰਮਦੀਆਂ ਹਨ। ਕਹਾਣੀ 'ਅੱਖਾਂ ਵਿਚ ਮਰ ਗਈ ਖੁਸ਼ੀ'[30] ਵਿਚ ਜਨ ਸਾਧਾਰਣ ਦਾ ਦੁਖਾਂਤ ਸਿਰਜਿਆ ਗਿਆ ਸੀ, ਜਿਸ ਨੂੰ ਉਹ ਖੁਸ਼ੀ ਪ੍ਰਾਪਤ ਨਹੀਂ ਸੀ ਹੋਈ ਜਿਹੜੀ ਖੁਸ਼ੀ ਯੂਨੀਅਨ ਜੈਕ ਦੇ ਉਤਰਣ ਤੇ ਤਿਰੰਗੇ ਦੇ ਲਹਿਰਾਉਣ ਨਾਲ ਸਾਧਾਰਣ ਲੋਕਾਂ ਦੀਆਂ ਅੱਖਾਂ ਵਿਚ ਚਮਕ ਉਠੀ ਸੀ। 'ਨੰਗਾ ਸੂਰਜ'[31] ਦਾ ਪ੍ਰਤੀਕ ਵੀ ਹੇਠਲੇ ਵਰਗਾਂ ਦੀ ਆਰਥਕ ਤੰਗਦਸਤੀ ਦੀ ਬਾਤ ਪਾਉਂਦਾ ਤੇ ਪ੍ਰਾਪਤ ਆਜ਼ਾਦੀ ਨੂੰ ਵਿਅੰਗ ਦੀ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ। ਇਹ ਕਹਾਣੀਆਂ ਜਿੱਥੇ ਨਿਮਨ ਵਰਗਾਂ ਦੀ ਮੰਦੀ ਆਰਥਕ ਦਸ਼ਾ ਤੇ ਜਿਊਣ ਦੇ ਅਪ੍ਰਾਪਤ ਵਸੀਲਿਆਂ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ, ਉੱਥੇ ਪ੍ਰਬੰਧ ਵਿਚਲੀਆਂ ਊਣਤਾਈਆਂ ਨੂੰ ਵੀ ਵਿਅੰਗਾਤਮਕ ਨਜ਼ਰੀਏ ਤੋਂ ਪੇਸ਼ ਕਰਦੀਆਂ ਹਨ।

ਅਗਲੇ ਸਾਲਾਂ ਵਿਚ ਸਿਆਸਤ ਅਤੇ ਸਾਹਿਤ ਨਾਲ ਲੇਖਕ ਦੀ ਰਿਸ਼ਤਗੀ ਵਿਚ ਹੌਲੀ-ਹੌਲੀ ਤਬਦੀਲੀ ਵਾਪਰਣ ਲੱਗੀ : ''ਹੁਣ ਤੱਕ ਮੈਂ ਜਾਣ ਲਿਆ ਸੀ ਕਿ ਲੇਖਕ ਦੀ 'ਪ੍ਰਤਿਬੱਧਤਾ' ਕਿਸੇ ਇੱਕਲੀ ਕਾਰੀ ਪਾਰਟੀ ਜਾਂ ਗਰੁੱਪ ਤੱਕ ਸੀਮਤ ਨਹੀਂ ਹੁੰਦੀ। ਸੱਚਾ ਲੇਖਕ ਇਸ ਕਰਕੇ ਸੱਚ ਬੋਲਣੋਂ ਰੁਕ ਜਾਂ ਉੱਕ ਨਹੀਂ ਸਕਦਾ ਕਿ ਇਹ ਸੱਚ ਉਹਦੇ ਆਪਣੇ ਜਾਂ ਆਪਣਿਆਂ ਦੇ ਨਾਂਹ-ਮੁਖੀ ਕਿਰਦਾਰ ਦੇ ਵੀ ਬਖੀਏ ਉਧੇੜਨ ਵਾਲਾ ਹੈ। ਲੇਖਕ ਦੀ ਪ੍ਰਤਿਬੱਧਤਾ ਉਹਦੇ ਅੰਦਰਲੇ ਸੱਚ ਨਾਲ ਹੈ। . . . ਆਪਣੇ ਅੰਦਰਲੇ ਸੱਚ ਅਤੇ ਸੋਚ ਨਾਲ ਪ੍ਰਤਿਬੱਧ ਹੋਣ ਤੋਂ ਮੈਨੂੰ ਜਿੱਥੇ ਇਹ ਚਾਨਣ ਮਿਲਿਆ ਕਿ ਮੈਂ ਕਿਸੇ ਇਕ ਧੜੇ, ਪਾਰਟੀ ਜਾਂ ਸਿੱਧਾਂਤ ਦਾ ਬੁਲਾਰਾ ਨਹੀਂ ਤਾਂ ਉਥੇ ਮੈਨੂੰ ਇਹ ਵੀ ਅਹਿਸਾਸ ਹੋਇਆ ਕਿ ਫ਼ੌਰੀ ਸਮਾਜਕ ਜਾਂ ਸਿਆਸੀ ਤਬਦੀਲੀ ਲਈ ਸਾਹਿਤ ਨੂੰ ਮੁੱਖ ਹਥਿਆਰ ਦੇ ਤੌਰ 'ਤੇ ਵਰਤਣਾ ਸ਼ਾਇਦ ਏਨਾ ਵਾਜਬ ਵੀ ਨਹੀਂ। ਸਾਹਿਤ ਵਿਚਲਾ ਪ੍ਰਚਾਰ ਏਨਾ ਸਪੱਸ਼ਟ ਤੇ ਸਟੇਜੀ ਨਹੀਂ ਹੁੰਦਾ। ਇਹ ਪ੍ਰਚਾਰ ਬਹੁਤ ਹੀ ਸਹਿਜ, ਸੰਕੇਤਕ ਤੇ ਅਛੋਪਲਾ ਹੁੰਦਾ ਹੈ।''[32] ਇਸ ਤਰ੍ਹਾਂ ਦੂਸਰੇ ਕਹਾਣੀ ਸੰਗ੍ਰਹਿ *ਅੰਗ ਸੰਗ* ਦੇ ਪ੍ਰਕਾਸ਼ਿਤ ਹੋਣ ਨਾਲ ਵਰਿਆਮ ਸਿੰਘ ਦੀ ਵਿਚਾਰਧਾਰਾ

ਵਿਚ ਇਕ ਸਿਫ਼ਤੀ ਤਬਦੀਲੀ ਵਾਪਰਦੀ ਹੈ। *ਅੰਗ ਸੰਗ, ਭੱਜੀਆਂ ਬਾਹੀਂ* ਤੇ *ਚੌਥੀ ਕੂਟ* ਵਿਚ ਵੀ ਰਾਜਨੀਤਿਕ ਚੇਤਨਾ ਵਾਲੀਆਂ ਕਹਾਣੀਆਂ ਹਾਜ਼ਰ ਹਨ। ਸਗੋਂ ਵਧੇਰੇ ਸੱਚੀ ਗੱਲ ਤਾਂ ਇਹ ਹੈ ਕਿ ਅਗਲੇਰੇ ਦੌਰ ਦੀਆਂ ਕਹਾਣੀਆਂ ਵਿਚ ਪੇਸ਼ ਰਾਜਨੀਤਿਕ ਸਰੋਕਾਰਾਂ ਨੂੰ ਵਧੇਰੇ ਜਚਵੇਂ-ਤੁਲਵੇਂ ਤੇ ਮੰਨਣਯੋਗ ਅੰਦਾਜ਼ ਵਿਚ ਪ੍ਰਸਤੁਤ ਕੀਤਾ ਗਿਆ ਹੈ। ਡਾ. ਧਨਵੰਤ ਕੌਰ ਮੁਤਾਬਿਕ, "ਉਸਦੀ ਕਹਾਣੀ ਵਿਚ ਪੰਜਾਬੀ ਜਨ-ਜੀਵਨ ਦੇ ਨਿਕਟ ਰਾਜਸੀ ਇਤਹਾਸ ਵਿਚ ਉਭਰਦੇ-ਭਖ਼ਦੇ ਮਸਲੇ ਛੋਹੇ ਗਏ ਹਨ, ਉਸਦੀ ਕਹਾਣੀ ਵਿਚ ਰਾਜਨੀਤਿਕ ਟਿੱਪਣੀਆਂ, ਰਾਜਨੀਤਿਕ ਪੈਂਤੜਿਆਂ ਦੀ ਪੇਸ਼ਕਾਰੀ ਅਤੇ ਸ਼ਬਦਾਵਲੀ ਦਾ ਪ੍ਰਯੋਗ ਹੋਇਆ ਹੈ। ਪਰ ਇਹ ਉਸਦੀ ਸਾਹਿਤ ਸੰਵੇਦਨਾ ਦਾ ਕਮਾਲ ਹੈ ਕਿ ਉਹ ਲੇਖਕ ਅਤੇ ਰਾਜਨੀਤੀ ਵਿਚ ਫ਼ਰਕ ਰੱਖ ਕੇ ਰਾਜਨੀਤੀ ਤੇ ਸਾਹਿਤਕ ਕਿਰਤ ਦੀ ਹੋਂਦ ਵਿਧੀ ਦੇ ਲਾਜ਼ਮੀ ਨਿਖੇੜੇ ਤੇ ਪੀਡੀ ਸਾਂਝ ਦੇ ਅਤਿ ਨਾਜ਼ਕ ਸੰਤੁਲਨ ਨੂੰ ਬਰਕਰਾਰ ਰੱਖ ਸਕਿਆ ਹੈ।"[33]

ਵਰਿਆਮ ਸਿੰਘ ਸੰਧੂ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਨੇੜਿਓਂ ਜੁੜਿਆ ਹੋਇਆ ਹੈ, ਇਸ ਲਈ ਰਾਜਨੀਤੀ ਦੇ ਖੇਤਰ ਵਿਚ ਇਸ ਵਿਚਾਰਧਾਰਾ ਨਾਲ ਪ੍ਰਤਿਬੱਧ ਪਾਰਟੀਆਂ ਦੀਆਂ ਸੀਮਾਵਾਂ ਤੇ ਸਮਰਥਾਵਾਂ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਹੈ। ਉਸਨੂੰ ਦੁੱਖ ਹੈ ਕਿ ਜੇ ਇਹ ਪਾਰਟੀਆਂ ਆਪਣੀ ਰਾਜਨੀਤਿਕ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਂਦੀਆਂ ਤਾਂ ਸ਼ਾਇਦ ਸਿਆਸਤ ਵਿਚ ਇੰਜ ਲੋਕ ਸਾਥ ਤੋਂ ਵਿਰਵੀਆਂ ਨਾ ਰਹਿੰਦੀਆਂ ਤੇ ਆਪਣੇ ਮਨੋਰਥ ਵੀ ਹਾਸਿਲ ਕਰ ਸਕਣ ਵਿਚ ਸਫ਼ਲ ਹੋ ਜਾਂਦੀਆਂ। "ਡੁੱਬਦਾ ਚੜ੍ਹਦਾ'[34], 'ਨਾਇਕ'[35], 'ਅਸਲੀ ਤੇ ਵੱਡੀ ਹੀਰ'[36], ਅਤੇ ਪਿੱਛੋਂ ਜਾ ਕੇ 'ਭੱਜੀਆਂ ਬਾਹੀਂ'[37], 'ਦਲਦਲ'[38], 'ਕੁਰਾਹੀਆ'[39] ਆਦਿ ਅਜਿਹੀਆਂ ਕਹਾਣੀਆਂ ਜਿਨ੍ਹਾਂ ਵਿਚ ਖੱਬੇ ਪੱਖੀ ਲਹਿਰ ਦੀਆਂ ਕਮਜ਼ੋਰੀਆਂ ਨੂੰ ਵਿਅੰਗਾਤਮਕ ਨਜ਼ਰੀਏ ਤੋਂ ਪੇਸ਼ ਕੀਤਾ ਗਿਆ ਹੈ। ਲੇਖਕ ਮੁਤਾਬਿਕ ਇਹ ਵਿਅੰਗ ਕਿਸੇ ਮੰਦ ਭਾਵਨਾ ਨਾਲ ਨਹੀਂ, ਸਗੋਂ ਇਕ ਸੱਚੀ ਹਮਦਰਦੀ ਤੇ ਸੁਪਨਿਆਂ ਦੀ ਪੂਰਤੀ ਨਾ ਹੋ ਸਕਣ ਦੇ ਕਾਰਣਾਂ ਦੀ ਤਲਾਸ਼ ਨਾਲ ਸੰਬੰਧਿਤ ਸੀ ਤੇ ਖੱਬੇ ਪੱਖੀ

ਲਹਿਰ ਵਿਚ ਸੁਧਾਰ ਦੀ ਤਲਬ ’ਤੇ ਆਧਾਰਿਤ ਸੀ।[40]

‘ਅਸਲੀ ਤੇ ਵੱਡੀ ਹੀਰ’ ਕਹਾਣੀ ਦਾ ਥੀਮ ਅੱਡੋ-ਪਾਟੀ ਹੋਈ ਕਮਿਊਨਿਸਟ ਲਹਿਰ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਣਾ ਤੇ ਇਹ ਦੱਸਣਾ ਸੀ ਕਿ ਸਾਡੀਆਂ ਇਹ ਸਾਰੀਆਂ ਪਾਰਟੀਆਂ ਮੇਲਿਆਂ ਵਿਚ ਵਿਕ ਰਹੀ ਅਤੇ ਸਭ ਪ੍ਰਕਾਸ਼ਕਾਂ ਵੱਲੋਂ ‘ਅਸਲੀ ਤੇ ਵੱਡੀ’ ਹੋਣ ਦੇ ਦਾਅਵੇ ਨਾਲ ਛਾਪੀ ਗਈ ‘ਅਸਲੀ ਤੇ ਵੱਡੀ ਹੀਰ’ ਦੇ ਕਿੱਸੇ ਵਾਂਗ ਆਪਣੇ ਆਪ ਨੂੰ ‘ਅਸਲੀ ਤੇ ਵੱਡੀ ਪਾਰਟੀ’ ਸਾਬਤ ਕਰਨ ਲਈ ਜ਼ੋਰ ਲਾ ਰਹੀਆਂ ਹਨ, ਜਦਕਿ ਸਧਾਰਣ ਵਿਅਕਤੀ ਤਾਂ ਰੰਗਾਂ ਦੀ ਪਛਾਣ ਕਰ ਸਕਣ ਦੇ ਵੀ ਸਮਰਥ ਨਹੀਂ, ਇੱਥੇ ਰੰਗਾਂ ਦੀ ਪਛਾਣ ਦੇ ਵੀ ਅਰਥ ਸੰਕੇਤਕ ਹਨ : ‘‘ਕਹਾਣੀ ਇਹ ਸਵਾਲ ਵੀ ਉਠਾਉਂਦੀ ਸੀ ਕਿ ਅਸੀਂ ਇੱਕ ਹੋਣ ਦੀ ਥਾਂ ਸੱਜੇ - ਖੱਬੇ ਜਾਂ ਨਕਸਲਬਾੜੀਏ ਕਿਉਂ ਹਾਂ? ਪ੍ਰਸ਼ਨ ਇਹ ਵੀ ਸੀ ਕੋਈ ਰੂਸ ਪੱਖੀ ਹੈ ਅਤੇ ਕੋਈ ਚੀਨ ਪੱਖੀ, ਪਰ ਲੋਕ ਪੱਖੀ ਕਿਉਂ ਨਹੀਂ? ਭਾਵ ਇਹ ਸੀ ਕਿ ਅਸੀਂ ਆਪਣੀ ਸੰਸਕ੍ਰਿਤੀ, ਸੱਭਿਅਤਾ ਅਤੇ ਇਤਹਾਸ ਨਾਲ ਜੀਵੰਤ ਨਾਤਾ ਜੋੜ ਕੇ ਲੋਕ ਮਨਾਂ ਵਿਚ ਆਪਣੀਆਂ ਜੜ੍ਹਾਂ ਲਾਉਣ ਦੀ ਥਾਂ ਉਧਾਰੇ ਅਤੇ ਮਾਂਗਵੇਂ ਵਿਚਾਰਾਂ ਦੇ ਲੜ ਲੱਗੇ ਹੋਏ ਹਾਂ . . . ਅਤੇ ਸ਼ਾਇਦ ਇਸੇ ਕਾਰਨ ਸਾਡੀ ਲਹਿਰ ਲੋਕ ਸਾਥ ਤੋਂ ਵਿਛੁੰਨੀ ਹੈ।’’[41] ਇਸੇ ਤਰ੍ਹਾਂ ‘ਡੁੱਬਦਾ ਚੜ੍ਹਦਾ’ ਵਿਚ ਵਿਵਸਥਾ ਦੀ ਹਿੱਸੇਦਾਰ ਬਣ ਗਈ ਕਮਿਊਨਿਸਟ ਲਹਿਰ ਨੂੰ ਜਿੱਥੇ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ ਹੈ, ਉਥੇ ‘ਹਨੇਰੀ’ ਵਿਚ ਸਰਕਾਰੀ ਤਸ਼ੱਦਦ ਦਾ ਚਿਹਰਾ ਨੰਗਾ ਕੀਤਾ ਗਿਆ ਹੈ ; ‘ਨਾਇਕ’ ਵਿਚ ਪਾਰਟੀ ਲੀਡਰਾਂ ਦੇ ਖੋਖਲੇ ਕਿਰਦਾਰ ਤੇ ਇਨਕਲਾਬ ਦੇ ਮਿਥੇ ਨਿਸ਼ਾਨੇ ਤੋਂ ਮੋਹ ਭੰਗ ਹੋਣ ਨਾਲ ਪੈਦਾ ਹੋਏ ਵਿਸ਼ਾਦ ਦੀ ਬਾਤ ਪਾਈ ਗਈ ਹੈ। ‘‘ਭੱਜੀਆਂ ਬਾਹੀਂ’’ ਵਿਚ ਪੰਜਾਬ ਸੰਕਟ ਸਮੇਂ ਕਮਿਊਨਿਸਟ ਲਹਿਰ ਦੇ ਪ੍ਰਸੰਗਹੀਣ ਹੋਣ ਦਾ ਵਿਅੰਗਾਤਮਕ ਹਉਕਾ ਭਰਿਆ ਗਿਆ ਹੈ। ‘ਵਾਪਸੀ’ ਵਿਚ ਤਾਂ ਵਡੇਰੇ ਮਸਲਿਆਂ ਦੇ ਨਾਲ ਨਕਸਲਬਾੜੀ ਲਹਿਰ ਬਾਰੇ ਵੀ ਪੁਨਰ ਝਾਤ ਪਾਈ ਗਈ ਹੈ ਤੇ ਲੋਕ ਸਾਥ ਤੋਂ ਵਿਰਵੇ ਪੁਰਾਣੇ ਤੇ ਗ਼ਲਤ ਪੈਂਤੜੇ ਨੂੰ ਤਿਆਗ ਕੇ ਤੇ ਲੋਕ ਲਹਿਰ ਕਾਇਮ ਕਰ ਕੇ ਇਨਕਲਾਬ ਲਈ ਨਵਾਂ ਪੈਂਤੜਾ ਅਖ਼ਤਿਆਰ ਕਰਨ

ਦਾ ਸੰਕੇਤ ਵੀ ਦਿੱਤਾ ਗਿਆ ਹੈ। ਇਨ੍ਹਾਂ ਜਾਂ ਹੋਰ ਕਹਾਣੀਆਂ ਵਿਚ ਜਿੱਥੇ ਕਮਿਊਨਿਸਟ ਲਹਿਰ ’ਤੇ ਵਿਅੰਗ ਹੈ ਉੱਥੇ ਸਥਾਪਤੀ ਦਾ ਲੋਕ ਵਿਰੋਧੀ ਚਿਹਰਾ ਤੇ ਅਨਿਆਇ ਭਰਿਆ ਵਿਹਾਰ ਵੀ ਲੇਖਕ ਨੇ ਉਜਾਗਰ ਕੀਤਾ ਹੈ। ਭਾਵੇਂ ਲੇਖਕ ਖੱਬੇ ਪੱਖੀ ਲਹਿਰ ਬਾਰੇ ਵਿਅੰਗ ਨੂੰ ਦੋਸਤ ਧਿਰ ਵੱਲੋਂ ਦੋਸਤ ਧਿਰ ਦੀਆਂ ਕਮਜ਼ੋਰੀਆਂ ’ਤੇ ਉਂਗਲ ਧਰਨਾ ਆਖਦਾ ਹੈ ਤਦ ਵੀ ਕਮਿਊਨਿਸਟ ਧਿਰਾਂ ਵੱਲੋਂ ਉਸਨੂੰ ਲਹਿਰ ਵਿਰੋਧੀ ਦੱਸਿਆ ਗਿਆ ਤੇ ਉਸਦੇ ਪ੍ਰਗਤੀਵਾਦੀ ਹੋਣ ਬਾਰੇ ਵੀ ਕਈ ਤਰ੍ਹਾਂ ਦੇ ਸਵਾਲ ਤੇ ਸ਼ੰਕੇ ਖੜੇ ਕੀਤੇ ਗਏ : “ਅਸੀਂ ਪ੍ਰਭਾਵ ਭ੍ਰਾਂਤੀ ਅਧੀਨ ਹੀ ਵਰਿਆਮ ਸੰਧੂ ਨੂੰ ਪ੍ਰਗਤੀਵਾਦੀ ਸਮਝੀ ਜਾਂਦੇ ਹਾਂ। ਇਸੇ ਕਰਕੇ ਹੀ ਉਹਦੇ ਕਮਿਊਨਿਸਟ ਵਿਰੋਧੀ ਨਾਇਕਾਂ ਨੂੰ ਸਮਾਜਵਾਦੀ।”[42]

ਅਸਲ ਵਿਚ ਆਲੋਚਕ ਵਰਿਆਮ ਸਿੰਘ ਸੰਧੂ ਦੀ ਰਚਨਾ ਦ੍ਰਿਸ਼ਟੀ ਨੂੰ ਹੀ ਠੀਕ ਤਰ੍ਹਾਂ ਸਮਝਣ ਤੋਂ ਅਸਮਰਥ ਸਨ। ਲੇਖਕ ਦਾ ਦ੍ਰਿਸ਼ਟੀਕੋਣ ਰਚਨਾ ਦੀ ਸਤਹਿ ’ਤੇ ਨਹੀਂ ਸੀ ਪਿਆ ਹੋਇਆ। ਉਸਦਾ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਰਚਨਾ ਵਿਚ ਰਮਿਆ ਹੋਇਆ ਹੈ। ਇਸ ਪ੍ਰਸੰਗ ਵਿਚ ਡਾ. ਬਲਦੇਵ ਸਿੰਘ ਧਾਲੀਵਾਲ ਦੀ ਇਹ ਟਿੱਪਣੀ ਜ਼ਿਕਰਯੋਗ ਹੈ : “ਸੰਧੂ ਨੇ ਖੱਬੇ ਪੱਖੀ ਅਤੇ ਉਨ੍ਹਾਂ ਦੇ ਅਲੰਬਰਦਾਰ ਸਮਝੇ ਜਾਂਦੇ ਕੁਝ ਸਮਰਥਕਾਂ ਨੂੰ ਵੀ ਸਿੱਧੇ/ਅਸਿੱਧੇ ਤੌਰ ’ਤੇ ਵਿਅੰਗ ਦਾ ਨਿਸ਼ਾਨਾ ਬਣਾਇਆ ਸੀ। ਉਸ ਵਿਅੰਗ ਦੇ ਰਚਨਾਤਮਕ ਹਾਂ-ਪੱਖੀ ਪਹਿਲੂ ਨੂੰ ਗੰਭੀਰਤਾ ਨਾਲ ਸਮਝੇ ਬਿਨਾਂ ਕੁਝ ਮਕਾਨਕੀ ਮਾਰਕਸਵਾਦੀ ਆਲੋਚਕਾਂ ਨੇ ਉਸਦੀਆਂ ਕਹਾਣੀਆਂ ਦਾ ਜ਼ਿਕਰ ਕਰਦਿਆਂ ਉਸਨੂੰ ਗ਼ੈਰ-ਮਾਰਕਸਵਾਦੀ ਜਾਂ ਪ੍ਰਤਿਕ੍ਰਿਆਵਾਦੀ ਲੇਖਕ ਕਹਿਣਾ/ਸਮਝਣਾ ਸ਼ੁਰੂ ਕਰ ਦਿੱਤਾ ਸੀ। . . . ‘ਭੱਜੀਆਂ ਬਾਹੀਂ’ ਛਪਣ ਤੋਂ ਬਾਅਦ ਕੁਝ ਸਤਹੀ ਪੱਧਰ ਦੀ ਸੋਚ ਦੇ ਧਾਰਨੀ ਚਿੰਤਕਾਂ ਨੇ ਉਸਨੂੰ ਸਿੱਖ ਕੱਟੜਵਾਦ ਦਾ ਹਮਾਇਤੀ ਵੀ ਕਹਿਣਾ ਸ਼ੁਰੂ ਕਰ ਦਿੱਤਾ . . .। ਸਾਡੀ ਜਾਚੇ ਉਪਰੋਕਤ ਭਾਂਤ ਦੇ ਭੁਲੇਖੇ ਵਰਿਆਮ ਸਿੰਘ ਸੰਧੂ ਦੇ ਨਿਵੇਕਲੇ ਤੇ ਸੱਜਰੇ ਕਥਾ-ਵਿਧਾਨ ਨੂੰ ਪੇਤਲੀ ਨਜ਼ਰੇ ਵਾਚਣ ਨਾਲ ਪੈਦਾ ਹੋਏ ਹਨ। ਕਹਿਣ ਤੋਂ ਭਾਵ ਹੈ ਕਿ ਉਸਦੀ ਵਿਅੰਗ-ਜੁਗਤ ਦੀਆਂ ਡੂੰਘੀਆਂ ਸੰਭਾਵਨਾਵਾਂ

ਨੂੰ ਪਛਾਣਿਆ ਨਹੀਂ ਗਿਆ।''[43] ਹੌਲੀ-ਹੌਲੀ ਜਦੋਂ ਵਰਿਆਮ ਸਿੰਘ ਸੰਧੂ ਦੀ ਕਥਾ-ਰਚਨਾ ਦੇ ਵਿਵੇਕ ਦੀ ਸੋਝੀ ਆਉਣ ਲੱਗੀ ਤਾਂ ਉਸ ਬਾਰੇ ਉਪਰੋਕਤ ਰਾਵਾਂ ਵੀ ਬਦਲਣ ਲੱਗੀਆਂ। ਲੇਖਕ ਦੇ ਆਪਣੇ ਕਥਨ ਅਨੁਸਾਰ, ''ਸਿਆਣੇ ਤੇ ਸੁਹਿਰਦ ਪਾਠਕਾਂ-ਆਲੋਚਕਾਂ ਵੱਲੋਂ ਮੇਰੀ ਇਸ ਆਲੋਚਨਾਤਮਕ ਨਜ਼ਰ ਦੀ ਕੀਤੀ ਵਡਿਆਈ ਨੇ ਤੱਤ-ਭੜੱਤੀ 'ਪ੍ਰਗਤੀਵਾਦੀ ਆਲੋਚਨਾ' ਦਾ ਬਹੁਤਾ ਭਾਰ ਮੇਰੇ ਮਨ ਉੱਤੇ ਪੈਣ ਨਾ ਦਿੱਤਾ ਅਤੇ ਮੈਂ ਕਿਸੇ 'ਬਾਹਰਲੇ ਦਿਸ਼ਾ-ਸੂਚਕ' ਤੋਂ ਅਗਵਾਈ ਲੈਣ ਦੀ ਥਾਂ ਆਪਣੇ ਅੰਦਰਲੇ ਸੱਚ ਦੇ ਆਖੇ ਲੱਗਣਾ ਹੀ ਪ੍ਰਵਾਨ ਕੀਤਾ।''[44]

ਰਾਜਨੀਤਿਕ ਦ੍ਰਿਸ਼ਟੀਕੋਣ ਨੂੰ ਪ੍ਰਗਟਾਉਣ ਵਾਲੀਆਂ ਉਸਦੀਆਂ ਕਹਾਣੀਆਂ ਦਾ ਵਸਤੂ-ਸੰਸਾਰ ਕਿਸਾਨੀ ਸਮਾਜ ਨਾਲ ਸੰਬੰਧਿਤ ਸੀ। ਗ਼ਦਰ ਲਹਿਰ ਜਾਂ ਬਾਕੀ ਸਥਾਪਤੀ ਵਿਰੋਧੀ ਲਹਿਰਾਂ ਦਾ ਮੁੱਖ ਧੁਰਾ ਪੰਜਾਬ ਦੀ ਕਿਸਾਨੀ ਹੀ ਰਿਹਾ ਹੈ। ਇਨ੍ਹਾਂ ਲਹਿਰਾਂ ਦੇ ਕਾਰਕੁੰਨ ਤੇ ਆਗੂ ਕਿਸਾਨੀ ਦੀਆਂ ਸਫ਼ਾਂ ਵਿਚੋਂ ਹੀ ਉੱਭਰੇ ਸਨ। *ਲੋਹੇ ਦੇ ਹੱਥ* ਤੋਂ *ਅੰਗ ਸੰਗ* ਤਕ ਦੇ ਸਫ਼ਰ ਵਿਚੋਂ ਉਸਦੇ ਦ੍ਰਿਸ਼ਟੀਗਤ ਬਦਲਾਓ ਨੂੰ ਸਹਿਜੇ ਹੀ ਮਹਿਸੂਸ ਕਰ ਸਕਦੇ ਹਾਂ। ਜਿੱਥੇ ਮੁੱਢਲੇ ਦੌਰ ਦੀ ਕਹਾਣੀ ਇਨਕਲਾਬੀ ਲਹਿਰ ਨੂੰ ਉਭਾਰਨ, ਉਸਾਰਨ ਲਈ ਪ੍ਰਤਿਬੱਧ ਹੈ ਉੱਥੇ ਅਗਲੇ ਦੌਰ ਦੀ ਕਹਾਣੀ ਰਾਜਨੀਤੀ ਦੇ ਵਿਵੇਕ ਦੀ ਸੋਝੀ ਦੇਣ ਵਾਲੀ ਹੈ। ਇਸ ਦੌਰ ਦੀ ਕਹਾਣੀ ਵਿਚ ਸਥਿਤੀ ਦਾ ਵਿਵੇਕ ਬੜੇ ਸਹਿਜ ਅਤੇ ਠਰ੍ਹੰਮੇ ਨਾਲ ਪੇਸ਼ ਕਰਨ ਦੀ ਬਿਰਤੀ ਭਾਰੂ ਹੈ। ਇਸੇ ਰਚਨਾਤਮਕ ਵਿਵੇਕ ਰਾਹੀਂ ਸੰਧੂ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ ਜੇ ਪੰਜਾਬ ਦੀ ਕਿਸਾਨੀ ਏਨੀਆਂ ਕੁਰਬਾਨੀਆਂ ਕਰਕੇ ਵੀ ਕਿਸੇ ਵਿਸ਼ੇਸ਼ ਰਾਜਨੀਤਿਕ ਅੰਜਾਮ ਤੱਕ ਨਹੀਂ ਪੁੱਜ ਸਕੀ ਤਾਂ ਇਸ ਵਿਚ ਸਥਾਪਤੀ ਦੇ ਜ਼ੁਲਮ, ਧੱਕੇ ਤੇ ਚਾਲਾਂ ਤਾਂ ਸ਼ਾਮਲ ਹਨ ਹੀ, ਪਰ ਨਾਲ ਦੇ ਨਾਲ ਕਿਸਾਨੀ ਦੇ ਆਪਣੇ ਸੁਭਾਅ ਦੀਆਂ ਕਮਜ਼ੋਰੀਆਂ ਦਾ ਵੀ ਦਖ਼ਲ ਹੈ। ਲੇਖਕ ਮੁਤਾਬਿਕ ਕਿਸਾਨੀ ਕੋਲ ਸਮਾਜਕ-ਆਰਥਕ ਤਬਦੀਲੀ ਲਈ ਜਿਸ ਪ੍ਰਕਾਰ ਦੀ ਰਾਜਸੀ ਚੇਤਨਾ ਲੋੜੀਂਦੀ ਸੀ, ਉਸਦੀ ਘਾਟ ਸੀ। ਰਾਜਸੀ ਸੰਕਟ ਦਾ ਹੱਲ ਨਾ ਮਿਲਣ ਕਾਰਣ ਸੀਮਤ ਚੇਤਨਾ ਵਾਲੀ ਕਿਸਾਨੀ ਅਧਿਆਤਮ ਦੇ ਰਸਤੇ ਨੂੰ ਹੀ ਮੁਕਤੀ ਦਾ

ਮਾਰਗ ਸਮਝਣ ਲੱਗ ਪੈਂਦੀ ਸੀ (ਵਾਪਸੀ ਦਾ ਸੰਤਾ ਸਿੰਘ ਇਸਦੀ ਮਿਸਾਲ ਹੈ)। ਦੂਜੇ ਪਾਸੇ ਚੇਤੰਨ ਕਿਸਾਨੀ ਹਾਲਾਤ ਨੂੰ ਬਦਲਣ ਲਈ ਸੁਚੇਤ ਹੋ ਕੇ ਸਥਾਪਤੀ ਦੇ ਵਿਰੁੱਧ ਜੂਝਣ ਦੇ ਯਤਨ ਵਿਚ ਲੱਗਦੀ ਹੈ ਤਾਂ ਉਹ ਵੀ ਕੱਚ-ਘਰੜ ਰਾਜਨੀਤਿਕ ਪਹੁੰਚ ਕਾਰਣ ਜਾਂ ਲੋੜੀਂਦੇ ਰਾਜਨੀਤਿਕ ਦਾਅ-ਪੇਚਾਂ ਦੀ ਸੂਝ ਨਾ ਹੋਣ ਕਰਕੇ ਲੋੜੀਂਦੀ ਸਫ਼ਲਤਾ ਹਾਸਲ ਕਰਨ ਤੋਂ ਵਾਂਝੀ ਰਹਿ ਜਾਂਦੀ ਹੈ (ਵਾਪਸੀ ਵਿਚ ਕੁਲਦੀਪ ਇਸ ਸਿਆਸਤ ਦਾ ਪ੍ਰਤਿਨਿਧ ਕਿਰਦਾਰ ਹੈ)। "ਸੋ ਇਹ ਕਹਾਣੀ (ਵਾਪਸੀ) ਸਮੁੱਚੇ ਰੂਪ ਵਿਚ ਪਾਠਕ ਸਾਹਮਣੇ ਇਹ ਪ੍ਰਸ਼ਨ ਖੜਾ ਕਰਦੀ ਹੈ ਕਿ ਅਜਿਹੇ ਵਾਤਾਵਰਣ ਵਿਚ ਪੰਜਾਬ ਦੀ ਕਿਸਾਨੀ ਕਿਵੇਂ ਸੰਗਠਿਤ ਹੋਵੇ ਅਤੇ ਰਾਜਸੀ ਲੜਾਈ ਲੜੇ। ਇਹ ਲੜਾਈ ਨਾ ਲੜੇ ਜਾਣ ਕਾਰਣ ਹੀ ਕਿਰਸਾਣੀ ਦਾ ਰਾਜਸੀ ਸੰਕਟ ਵਧਦਾ ਗਿਆ ਹੈ। ਪੰਜਾਬ ਦੇ ਖੇਤੀ ਅਰਥਚਾਰੇ ਵਿਚ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਦੇ ਵਧਦੇ ਦਖ਼ਲ ਨੇ ਇਸ ਸੰਕਟ ਨੂੰ ਹੋਰ ਗਹਿਰਾ ਕੀਤਾ ਹੈ।"[45]

ਖੇਤੀ ਅਰਥਚਾਰੇ ਵਿਚ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਦੇ ਵਧਦੇ ਦਖ਼ਲ ਦਾ ਸਿੱਟਾ ਹੀ ਹੈ ਕਿ ਪੰਜਾਬ ਦੀ ਧਨੀ ਕਿਸਾਨੀ ਜਿੱਥੇ ਖੇਤੀ ਤੋਂ ਪੈਦਾ ਹੋਇਆ ਸਰਮਾਇਆ ਦੂਸਰੇ ਧੰਦਿਆਂ ਵਿਚ ਲਾਉਣ ਲੱਗੀ ਉੱਥੇ ਰਾਜਨੀਤੀ ਵਿਚ ਵੀ ਆਪਣੀ ਸਰਦਾਰੀ ਕਾਇਮ ਕਰਕੇ ਰਾਜਨੀਤੀ ਨੂੰ ਆਪਣੇ ਹਿਤਾਂ ਲਈ ਵਰਤਣ ਦੇ ਰਾਹ ਤੁਰਦੀ ਹੈ। 'ਡੁੰਮ੍ਹ' ਦਾ ਸਰਦਾਰ ਗੁਰਬਚਨ ਸਿੰਘ ਜਿੱਥੇ ਆਪਣੇ ਪੁੱਤ ਲਈ ਆੜ੍ਹਤ ਖੋਲ੍ਹਣ ਦੇ ਯਤਨ ਵਿਚ ਹੈ ਉੱਥੇ ਉਹ ਸਿਆਸਤ ਵਿਚ ਵੀ ਸਿਰ ਉੱਚਾ ਕੱਢਦਾ ਆ ਰਿਹਾ ਸੀ। 'ਕੁਰਾਹੀਆਂ' ਦਾ ਐਮ. ਐਲ. ਏ. ਬਣਿਆ ਚੇਅਰਮੈਨ ਵੀ ਧਨੀ ਕਿਸਾਨੀ ਦਾ ਹੀ ਪ੍ਰਤਿਨਿੱਧ ਹੈ। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਸੰਧੂ ਦੀਆਂ ਕਹਾਣੀਆਂ ਵਿਚ ਮਿਲ ਜਾਂਦੀਆਂ ਹਨ ਜਿਨ੍ਹਾਂ ਤੋਂ ਇਹ ਤੱਥ ਭਲੀ-ਭਾਂਤ ਉਜਾਗਰ ਹੁੰਦਾ ਹੈ ਕਿ ਪੰਜਾਬ ਦੀ ਕਿਸਾਨੀ ਦਾ ਉਪਰਲਾ ਵਰਗ ਰਾਜਨੀਤੀ 'ਤੇ ਕਾਬਜ਼ ਹੋ ਕੇ ਆਪਣੇ ਹਿਤਾਂ ਦੀ ਰੱਖਿਆ ਲਈ ਰਾਜਨੀਤੀ ਨੂੰ ਹਥਿਆਰ ਬਣਾਉਂਦਾ ਹੈ ਅਤੇ ਆਪਣੇ ਹਿਤਾਂ ਲਈ ਕਿਸਾਨੀ ਦੀਆਂ ਬਾਕੀ ਧਿਰਾਂ

ਨੂੰ ਵੀ ਭਾਈਚਾਰਕ ਸੰਬੰਧਾਂ ਦੇ ਨਾਂ ਹੇਠ ਆਪਣੇ ਪਿੱਛੇ ਜਥੇਬੰਦ ਕਰਕੇ ਵਰਤਦਾ ਹੈ।

ਨਕਸਲਬਾੜੀ ਲਹਿਰ ਵੇਲੇ ਪੰਜਾਬ ਦੀ ਕਿਸਾਨੀ ਨੇ ਲਹਿਰ ਦੀਆਂ ਅੰਦਰੂਨੀ ਸਿਧਾਂਤਕ ਕਮਜ਼ੋਰੀਆਂ ਕਾਰਣ ਲਹਿਰ ਦਾ ਭਰਵਾਂ ਸਾਥ ਨਹੀਂ ਸੀ ਦਿੱਤਾ। ਪਰ ਪੰਜਾਬ ਸੰਕਟ ਦੇ ਸਮੇਂ ਦੌਰਾਨ ਪੰਜਾਬ ਦੀ ਰਾਜਨੀਤੀ ਉੱਤੇ ਭਾਰੂ ਧਨੀ ਕਿਸਾਨੀ ਆਰਥਕ ਮੁੱਦਿਆਂ ਦੇ ਆਧਾਰ ’ਤੇ ਕਿਸਾਨੀ ਦੀਆਂ ਹੇਠਲੀਆਂ ਪਰਤਾਂ ਨੂੰ ਆਪਣੇ ਪਿੱਛੇ ਲਾਉਣ ਵਿਚ ਸਫ਼ਲ ਹੋ ਜਾਂਦੀ ਹੈ। ਇਸ ਵਿਚ ਪਿੱਛੋਂ ਧਰਮ ਦਾ ਦਖ਼ਲ ਵਧ ਜਾਣ ਕਰਕੇ ਅਤੇ ਕੁਝ ਨਕਸਲਬਾੜੀ ਲਹਿਰ ਦੀ ਵਿਅਕਤੀਗਤ ਕਤਲਾਂ ਦੀ ਮੁਹਿੰਮ ਦਾ ਅਨੁਕਰਣ ਕਰਨ ਕਰਕੇ ਇਹ ਲਹਿਰ ਵੀ ਸਥਾਪਤੀ ਦੇ ਜ਼ੋਰ-ਜਬਰ ਦਾ ਸ਼ਿਕਾਰ ਹੋ ਗਈ ਅਤੇ ਪੰਜਾਬ ਦੀ ਕਿਸਾਨੀ ਵੱਡਾ ਨੁਕਸਾਨ ਉਠਾਉਣ ਦੇ ਬਾਵਜੂਦ ਨਿਰਾਸ਼ਾ ਵਿਚ ਮੂੰਹ ਵੇਖਦੀ ਰਹਿ ਗਈ। ਇਸ ਦੌਰ ਦੀ ਰਾਜਨੀਤੀ ਦਾ ਪ੍ਰਮਾਣਿਕ ਚਿਹਰਾ ਵੇਖਣ ਲਈ ਸੰਧੂ ਦੀਆਂ ਕਹਾਣੀਆਂ ‘ਭੱਜੀਆਂ ਬਾਹੀਂ’, ‘ਮੈਂ ਹੁਣ ਠੀਕ ਠਾਕ ਹਾਂ’, ‘ਚੌਥੀ ਕੂਟ’, ‘ਛੁੱਟੀ’, ‘ਪਰਛਾਵੇਂ’, ‘ਰਿਮਝਿਮ ਪਰਬਤ’ ਤੇ ‘ਜਮਰੌਦ’ ਦਾ ਅਧਿਐਨ ਕਰਨਾ ਪਵੇਗਾ।

ਦਿਲਚਸਪੀ ਵਾਲੀ ਗੱਲ ਤਾਂ ਇਹ ਹੈ ਕਿ ਧਨੀ ਕਿਸਾਨੀ ਦਾ ਵਿਅਕਤੀਗਤ ਕਿਰਦਾਰ ਚੰਗੇ ਜੀਵਨ ਮੁੱਲਾਂ ਤੋਂ ਵਿਹੂਣਾ ਹੈ। ਸਿਆਸਤ ਤੇ ਸੱਤਾ ਦੇ ਦ੍ਰਿਸ਼ ’ਤੇ ਅੱਗੇ ਆਉਣ ਵਾਲੇ ਧਨੀ ਲੋਕ ਦਸਾਂ ਨਹੁੰਆਂ ਦੀ ਕਮਾਈ ਕਰਨ ਵਾਲੇ ਨਹੀਂ ਸਗੋਂ ਭ੍ਰਿਸ਼ਟ ਤਰੀਕਿਆਂ ਨਾਲ ਧਨ ਕਮਾ ਕੇ ਉਸਨੂੰ ਸਿਆਸੀ ਹਿਤਾਂ ਲਈ ਵਰਤਦੇ ਹਨ ਅਤੇ ਵਿਸ਼ੇਸ਼ ਨੁਕਤਾ ਇਹ ਵੀ ਜਾਚਣ ਵਾਲਾ ਹੈ ਕਿ ਅਜਿਹੇ ਭ੍ਰਿਸ਼ਟ ਤੇ ਸਮਗਲਰ ਲੋਕ ਸਮਾਜ ਵਿਚ ਜ਼ਾਹਰ ਤੌਰ ’ਤੇ ਨਿੰਦੇ ਨਹੀਂ ਜਾਂਦੇ ਸਗੋਂ ਉਹ ਲੋਕਾਂ ਨੂੰ ਨਾਇਕ ਵਜੋਂ ਨਜ਼ਰ ਆਉਂਦੇ ਹਨ। ‘ਵਾਪਸੀ’ ਦੇ ਸੰਤਾ ਸਿੰਘ ਦੇ ਸਮਗਲਰ ਭਰਾ ਦੇ ਚੁਬਾਰਿਆਂ ਨੂੰ ਜਦੋਂ ਲੋਕ ਮਾਣ ਨਾਲ ਬਲੈਕੀਆਂ ਦੇ ਚੁਬਾਰੇ ਦੇ ਵਿਸ਼ੇਸ਼ਣ ਨਾਲ ਬੁਲਾਉਂਦੇ ਤਾਂ ਲੱਗਦਾ ਹੈ ਜਿਵੇਂ ‘ਬਲੈਕੀਆ’ ਕੋਈ ਸਨਮਾਨਯੋਗ ਸਰਕਾਰੀ ਖ਼ਿਤਾਬ ਹੋਵੇ। ‘ਭੱਜੀਆਂ ਬਾਹੀਂ’ ਵਿਚ ਹਰਿੰਦਰਪਾਲ, ਜੋ ਨਵੀਂ ਰਾਜਨੀਤਿਕ ਲਹਿਰ ਦੇ ਆਗੂਆਂ ਦਾ ਪਿੰਡ ਦੀ ਪੱਧਰ ’ਤੇ ਪ੍ਰਤਿਨਿਧ ਹੈ,

ਸਮਗਲਰ ਵੀ ਹੈ ਤੇ ਪੁਲੀਸ ਦਾ ਦਲਾਲ ਵੀ, ਪਰ ਨਾਲ ਦੇ ਨਾਲ ਸਿੱਖ ਕੌਮ ਦਾ ਅਸਲੀ ਪ੍ਰਤਿਨਿੱਧ ਵੀ ਬਣਿਆ ਫਿਰਦਾ ਹੈ। ਅਸਲ ਵਿਚ ਮਸਲਾ ਭਾਵੇਂ ਰਾਜਨੀਤੀ ਦਾ ਹੋਵੇ, ਭਾਵੇਂ ਧਰਮ ਦਾ ਤੇ ਭਾਵੇਂ ਆਰਥਕਤਾ ਦਾ, ਸਾਰੇ ਮਸਲੇ ਅੰਤਰ-ਸੰਬੰਧਿਤ ਹੁੰਦੇ ਹਨ। ਪੰਜਾਬ ਸੰਕਟ ਦਾ ਮਸਲਾ ਵੀ ਆਰਥਕਤਾ, ਧਰਮ ਤੇ ਰਾਜਨੀਤੀ ਦਾ ਸੰਯੁਕਤ ਮਸਲਾ ਸੀ। ਲੇਖਕ ਦੀ ਵਿਸ਼ੇਸ਼ਤਾ ਹੈ ਕਿ ਉਸਨੇ ਪੰਜਾਬ ਦੀ ਕਿਸਾਨੀ ਦੇ ਹਵਾਲੇ ਨਾਲ ਸਭਨਾਂ ਸੰਬੰਧਿਤ ਮੁੱਦਿਆਂ ਨੂੰ ਆਪਣੀ ਰਚਨਾ ਵਸਤੂ ਹੀ ਨਹੀਂ ਬਣਾਇਆ ਸਗੋਂ ਪੇਸ਼ਕਾਰੀ ਦਾ ਸੰਤੁਲਨ ਸਿਰਜਦਿਆਂ ਇਹਨਾਂ ਸਾਰੇ ਮਸਲਿਆਂ ਦੀ ਜਟਿਲਤਾ ’ਤੇ ਬਹੁਕੋਣੀ ਕਲਾਤਮਕ ਝਾਤ ਵੀ ਪਵਾਈ ਹੈ।

ਖੇਤੀ ਨੂੰ ਉਦਯੋਗ ਵਾਂਗ ਸਰਮਾਏਦਾਰੀ ਲੀਹਾਂ ’ਤੇ ਪਾਉਣ ਦੇ ਫਲਸਰੂਪ ਕਿਸਾਨੀ ਦੀਆਂ ਉਤਲੀਆਂ ਪਰਤਾਂ ਕੋਲ ਧਨ ਤਾਂ ਜਮ੍ਹਾਂ ਹੋ ਗਿਆ, ਪਰ ਇਸ ਸਰਮਾਏ ਲਈ ਸਨਅਤ ਵਿਚ ਲਾਉਣ ਦੇ ਅਧਿਕਾਰ ਰਾਜਾਂ ਦੀ ਥਾਂ ਕੇਂਦਰ ਕੋਲ ਹੋਣ ਕਰਕੇ ਕੇਂਦਰ ਉੱਤੇ ਰਾਜਨੀਤਿਕ ਦਬਾਅ ਬਨਾਉਣ ਦੀ ਜ਼ਰੂਰਤ ਸੀ। ਇਸ ਦਬਾਅ ਲਈ ਧਨੀ ਕਿਸਾਨੀ ਨੇ ਕੇਂਦਰ ਸਰਕਾਰ ਵਿਰੁੱਧ ਸੰਘਰਸ਼ ਆਰੰਭਿਆ। ਇਸ ਘੋਲ ਨੂੰ ਪੰਜਾਬ ਨਾਲ ਦਰਿਆਈ ਪਾਣੀਆਂ, ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਅਤੇ ਭਾਸ਼ਾ ਦੇ ਆਧਾਰ ’ਤੇ ਕੇਂਦਰ ਵੱਲੋਂ ਕੀਤੇ ਵਿਤਕਰੇ ਨਾਲ ਜੋੜਿਆ ਗਿਆ। ਇਨ੍ਹਾਂ ਮੰਗਾਂ ਦੀ ਪੂਰਤੀ ਨਾਲ ਭਾਵੇਂ ਧਨੀ ਕਿਸਾਨਾਂ ਨੂੰ ਵੀ ਵੱਡਾ ਹਿੱਸਾ ਮਿਲਣ ਦੀ ਸੰਭਾਵਨਾ ਸੀ, ਪਰ ਕਿਸਾਨੀ ਦੀ ਹੇਠਲੀ ਪਰਤ ਨੂੰ ਵੀ ਲੱਗਣ ਲੱਗਾ ਕਿ ਜੇ ਉਨ੍ਹਾਂ ਵੱਲੋਂ ਪਾਏ ਜਾਂਦੇ ਸਾਂਝੇ ਰਾਜਸੀ ਦਬਾਅ ਕਰਕੇ ਪੰਜਾਬ ਦੀਆਂ ਮੰਗਾਂ ਮੰਨੀਆਂ ਜਾਂਦੀਆਂ ਹਨ ਤਾਂ ਇਸ ਵਿਚ ਉਨ੍ਹਾਂ ਦਾ ਆਪਣਾ ਭਲਾ ਵੀ ਸ਼ਾਮਲ ਹੈ। ਵਰਿਆਮ ਸਿੰਘ ਸੰਧੂ ਇਸ ਪੱਖੋਂ ਪੰਜਾਬ ਦੀ ਕਿਸਾਨੀ ਦੀ ਧਿਰ ਬਣਦਾ ਹੈ ਤੇ ਉਸਦੀਆਂ ਕਹਾਣੀਆਂ ਵਿਚ ਪੇਸ਼ ਰਚਨਾ ਦ੍ਰਿਸ਼ਟੀ ਵਿਚੋਂ ਪੰਜਾਬ ਨਾਲ ਕੀਤੇ ਜਾਣ ਵਾਲੇ ਕੇਂਦਰ ਦੇ ਵਿਤਕਰੇ ਨੂੰ ਸਾਹਿਤਕ ਜ਼ੁਬਾਨ ਮਿਲੀ ਹੈ। ‘ਭੱਜੀਆਂ ਬਾਹੀਂ’ ਕਹਾਣੀ ਵਿਚ ਸੰਧੂ ਕੇਵਲ ਹੁਰਾਂ ਦੇ ਚੁਬਾਰੇ ਨੂੰ ਚਿਨ੍ਹਾਤਮਕ ਤੌਰ ’ਤੇ ਚੰਡੀਗੜ੍ਹ ਨਾਲ ਜੋੜਦਾ ਹੈ ਤੇ ਉਨ੍ਹਾਂ ਦੇ ਪਰਿਵਾਰ ਨੂੰ ਵੱਖ-ਵੱਖ ਪਾਤਰਾਂ ਦੇ ਮਾਧਿਅਮ

ਰਾਹੀਂ 'ਕੇਂਦਰ-ਪੰਜਾਬ' ਦੇ ਸੰਬੰਧਾਂ ਦੇ ਪ੍ਰਤਿਰੂਪ ਵਜੋਂ ਚਿਤਰਦਾ ਹੈ, ''ਇਸ ਕਹਾਣੀ ਦੇ ਚਿੰਨ੍ਹ ਪ੍ਰਬੰਧ ਦੀ ਵਿਆਖਿਆ ਕਰੀਏ ਤਾਂ ਉਹ ਇਉਂ ਹੋਵੇਗੀ ਕਿ ਕੇਵਲ ਪੰਜਾਬ ਹੈ, ਜਿਹੜਾ ਸਾਰੇ ਟੱਬਰ, ਭਾਵ ਸਮੁੱਚੇ ਭਾਰਤ ਲਈ ਅੰਨਦਾਤਾ ਹੈ। ਸਰਵਣ ਕੇਂਦਰ ਹੈ, ਜਿਸਦਾ ਮਨੋਰਥ ਅੰਗਰੇਜ਼ਾਂ ਵਾਲੀ ਬਸਤੀਵਾਦੀ ਨੀਤੀ ਰਾਹੀਂ ਕੇਵਲ ਰੂਪੀ ਪੰਜਾਬੀ ਦੀ ਲੁੱਟ-ਖਸੁੱਟ ਕਰਕੇ ਉਸਨੂੰ ਅਧੀਨ ਰੱਖਣਾ ਹੈ। ਰਿਟਾਇਰ ਹੋਇਆ ਫ਼ੌਜੀ ਉਹ ਸ਼ਕਤੀ ਹੈ ਜਿਹੜੀ ਪੰਜਾਬ ਨੂੰ ਨਾਲ ਰੱਖ ਕੇ ਕੁੱਟਣ ਲਈ ਸਰਵਣ ਦੀ ਮਦਦਗਾਰ ਬਣਦੀ ਹੈ। ਪੂਰਾ ਪਰਿਵਾਰ ਭਾਰਤ ਦਾ ਜਨ ਸਾਧਾਰਣ ਹੈ ਜਿਸ ਨੂੰ ਸਰਵਣ (ਕੇਂਦਰ) ਸੌ ਪੁੱਠੀਆਂ ਪੱਟੀਆਂ ਪੜ੍ਹਾ ਕੇ ਆਪਣੇ ਨਾਲ ਲਾਉਣ ਦਾ ਸਫ਼ਲ ਯਤਨ ਕਰਦਾ ਹੈ। ਇਉਂ ਪੰਜਾਬ (ਕੇਵਲ) ਉਨ੍ਹਾਂ ਦੇ ਹੱਥੋਂ ਹੀ ਲੁੱਟਿਆ ਜਾਂਦਾ ਹੈ, ਜਿਨ੍ਹਾਂ ਨੂੰ ਉਹ ਵੱਡੇ ਭਰਾ ਜਾਣ ਕੇ ਆਪਣੀਆਂ ਬਾਹਾਂ ਸਮਝਦਾ ਸੀ।''[46]

ਇਸੇ ਕਹਾਣੀ ਵਿਚ ਲੇਖਕ ਧਰਮ ਆਧਾਰਿਤ ਬਣਾਏ ਜਾਣ ਵਾਲੇ ਰਾਜਾਂ ਦੀ ਮੁਖਾਲਫ਼ਤ ਕਰਦਾ ਹੈ, ਕਿਉਂਕਿ ਧਰਮ ਆਧਾਰਿਤ ਰਾਜਾਂ ਵਿਚ ਵੀ ਜਮਾਤੀ ਵਿਤਕਰਾ ਤਾਂ ਕਾਇਮ ਹੀ ਰਹਿਣਾ ਹੈ। ਕਹਾਣੀ ਵਿਚ ਤਾਰਾ ਤੇ ਹਰਿੰਦਰਪਾਲ ਦੋਵੇਂ ਇਕੋ ਧਰਮ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਉਨ੍ਹਾਂ ਦੇ ਹਿਤ ਇਕ ਦੂਜੇ ਦੇ ਅਨੁਸਾਰੀ ਨਹੀਂ ਹਨ। ਸਰਵਣ ਤੇ ਕੇਵਲ ਇਕ ਧਰਮ ਤੇ ਇਕ ਪਰਿਵਾਰ ਵਿਚੋਂ ਹੋਣ ਦੇ ਬਾਵਜੂਦ ਆਰਥਕ ਆਧਾਰ 'ਤੇ ਵੰਡੇ ਹੋਏ ਹਨ। ਇੰਜ ਲੇਖਕ ਮੁਤਾਬਿਕ ਕੇਵਲ (ਹਿੰਦੂ) ਤੇ ਤਾਰੇ (ਸਿੱਖ) ਦੀ ਆਪਣੀ ਹਿਤਾਂ ਦੀ ਸਾਂਝ ਹੈ ਤੇ ਸਰਵਣ (ਹਿੰਦੂ) ਤੇ ਹਰਿੰਦਰਪਾਲ (ਸਿੱਖ) ਦੀ ਆਪਣੀ। ਇਸਦੇ ਨਾਲ ਹੀ ਉਹ ਕਮਿਊਨਿਸਟ ਲਹਿਰ ਦੀ ਰਾਜਨੀਤੀ ਨੂੰ ਬੁੱਢੇ ਕਾਮਰੇਡ ਦੇ ਹਵਾਲੇ ਨਾਲ ਪ੍ਰਸੰਗਹੀਣ ਹੋ ਗਈ ਦਿਖਾਉਂਦਾ ਹੈ। ਕਹਾਣੀ ਵਿਚ ਇਹ ਵੀ ਸੰਕੇਤ ਪਏ ਹਨ ਕਿ ਜੇ ਜਮਾਤੀ ਲੜਾਈ ਦੀਆਂ ਅਲੰਬਰਦਾਰ ਕਮਿਊਨਿਸਟ ਧਿਰਾਂ ਆਪਣਾ ਬਣਦਾ ਸਹੀ ਰੋਲ ਨਿਭਾਉਂਦੀਆਂ ਤਾਂ ਪੰਜਾਬ ਦੀ ਰਾਜਨੀਤੀ ਤਥਾ-ਕਥਿਤ ਧਰਮ ਦੀ ਬੁੱਕਲ ਵਿਚ ਵੜ ਕੇ ਦੂਸ਼ਿਤ ਹੋਣੋਂ ਬਚ ਜਾਂਦੀ। ਇਸ ਦੌਰ ਦੀ ਰਾਜਨੀਤੀ ਵਿਚ ਧਰਮ ਦੀ ਦਖ਼ਲ ਅੰਦਾਜ਼ੀ ਨੇ

ਸਿਆਸਤ ਦਾ ਚਿਹਰਾ ਹੋਰ ਵੀ ਕਰੂਪ ਕਰ ਦਿੱਤਾ। ਧਰਮ ਇੱਥੇ ਮਨ ਤੇ ਆਤਮਾ ਨੂੰ ਸ਼ੁੱਧ ਕਰਨ ਦਾ ਪਵਿਤਰ ਮਾਧਿਅਮ ਨਾ ਰਹਿ ਕੇ ਆਪਣੇ ਰਵਾਇਤੀ ਅਰਥ ਗਵਾ ਬੈਠਦਾ ਹੈ ਤੇ ਰਾਜਨੀਤੀ ਦਾ ਹੱਥ ਠੋਕਾ ਬਣ ਜਾਂਦਾ ਹੈ। ਧਰਮ ਦੇ ਰਾਜਨੀਤੀ ਦੇ ਅਧੀਨ ਚੱਲਣ ਨਾਲ ਜਿੱਥੇ ਇਕ ਪਾਸੇ ਇਹ ਨੁਕਸਾਨ ਹੋਇਆ ਕਿ ਪੰਜਾਬ ਦਾ ਹਿੰਦੂ-ਸਿੱਖ ਭਾਈਚਾਰਾ ਇਕ ਵਾਰ ਮੁੜ ਤੋਂ ਫਿਰ ਨਫ਼ਰਤ ਤੇ ਆਪਸੀ ਪਾੜੇ ਦਾ ਸ਼ਿਕਾਰ ਹੋਇਆ। ਉਥੇ ਦੁਪਾਸੀਂ ਅੰਨ੍ਹੀ ਦਹਿਸ਼ਤ ਦਾ ਬੋਲਬਾਲਾ ਹੋਣ ਕਰਕੇ ਪੰਜਾਬ ਦਾ ਜਨ-ਮਾਨਸ ਨਿਰੰਤਰ ਮੌਤ ਦੇ ਭੈਅ ਅਧੀਨ ਵਿਚਰਣ ਲੱਗਾ ਤੇ ਮੁਹੱਬਤ ਭਿੱਜੇ ਇਨਸਾਨੀ ਮੁੱਲਾਂ ਦਾ ਘਾਣ ਹੋਣ ਲੱਗਾ। ਬੰਦੇ ਦੀ ਜਾਨ ਦੀ ਕੀਮਤ ਦਾ ਅਨੁਮਾਨ 'ਛੁੱਟੀ' ਕਹਾਣੀ ਦੀ ਅਧਿਆਪਕਾ ਦੇ ਬੋਲਾਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ, "ਵੀਰ ਜੀ ! ਰਾਤੀਂ ਭੁੱਚਰ ਕੋਲ ਹੋਏ ਮੁਕਾਬਲੇ ਦੀ ਖ਼ਬਰ ਏ। ਸੱਤ ਮੁੰਡੇ ਮਰੇ ਨੇ। ਬੱਸ ਵਿਚ ਗੱਲਾਂ ਕਰਦੇ ਸੀ ਕਿ ਉਹਨਾਂ ਵਿਚ ਤੁਹਾਡੇ ਪਿੰਡ ਦਾ ਵੀ ਕੋਈ ਮੁੰਡਾ ਹੈਗਾ ਏ। ਜੇ ਸੱਚੀਂ ਤੁਹਾਡੇ ਪਿੰਡ ਦਾ ਮੁੰਡਾ ਹੋਵੇ ਉਹਨਾਂ ਵਿਚ ਬੜਾ ਵਧੀਆ ਰਹੇ। ਉਹਦੇ ਭੋਗ ਤੱਕ ਤਾਂ ਸਕੂਲ ਨੂੰ ਖਾੜਕੂ ਬੰਦ ਕਰਵਾਉਣਗੇ ਹੀ, ਸਕੂਲ 'ਚ ਵਾਹਵਾ ਹਫ਼ਤਾ ਭਰ ਛੁੱਟੀਆਂ ਰਹਿਣਗੀਆਂ।"[47]

'ਮੈਂ ਹੁਣ ਠੀਕ ਠਾਕ ਹਾਂ' ਕਹਾਣੀ ਮੁਤਾਬਿਕ ਇਸ ਦੌਰ ਵਿਚ ਬੰਦੇ ਦਾ ਮੁੱਲ ਕੁੱਤੇ ਜਿੰਨਾਂ ਵੀ ਨਾ ਰਿਹਾ। ਪੰਜਾਬੀ ਗ਼ੈਰਤ ਦਾ ਪ੍ਰਤੀਕ ਜੋਗਿੰਦਰ ਪੁੱਤਾਂ ਵਾਂਗ ਪਾਲੇ ਕੁੱਤੇ ਨੂੰ ਦਹਿਸ਼ਤਗਰਦਾਂ ਦੇ ਭੈਅ ਅਧੀਨ ਮਾਰਨ ਕਰਕੇ ਆਪਣੀ ਆਤਮਾ ਤੇ ਜ਼ਮੀਰ ਨੂੰ ਮਾਰ ਬੈਠਦਾ ਹੈ। ਉਹਨੂੰ ਆਪਣੇ ਅੰਦਰੋਂ ਆਪਣੇ ਮਰ ਗਏ ਆਪੇ ਦੀ ਬੋ ਆਉਣ ਲੱਗਦੀ ਹੈ। ਪੰਜਾਬ ਦਾ ਗ਼ੈਰਤਮੰਦ ਕਿਰਦਾਰ ਹੀਣ-ਭਾਵਨਾ ਤੇ ਆਪੇ ਦੀ ਨਮੋਸ਼ੀ ਵਿਚ ਗਰਕ ਹੋ ਗਿਆ ਹੈ, "ਇਹ ਕਹਾਣੀ ਪੰਜਾਬ, ਪੰਜਾਬੀਅਤ ਅਤੇ ਸਿੱਖੀ ਦੇ ਨਾਂ 'ਤੇ ਲੜੀ ਜਾਣ ਵਾਲੀ ਲੜਾਈ ਦਾ ਵਰਣਨ ਕਰਨ ਦੀ ਥਾਂ, ਇਸ ਸਭ ਕਾਸੇ ਨੂੰ ਵੇਖਣ ਵਾਸਤੇ ਧਰਾਤਲ ਤੇ ਦ੍ਰਿਸ਼ਟੀ ਮੁਹੱਈਆ ਕਰਦੀ ਹੈ। ਦੂਜੇ ਪਾਸੇ ਇਨਸਾਨੀ ਰਿਸ਼ਤਿਆਂ ਦਾ ਜਨਮ ਤੇ ਵਿਕਾਸ ਇਸ ਕਹਾਣੀ ਵਿਚੋਂ ਲੱਭਿਆ ਜਾ ਸਕਦਾ ਹੈ। ਭੈ ਦੀ ਪਲੇਗ ਨਾਲ ਹੋਣ

ਵਾਲੀ ਵੱਡੀ ਤਬਾਹੀ ਦੇ ਸੰਕੇਤ ਇਸ ਕਹਾਣੀ ਵਿਚੋਂ ਮਿਲ ਜਾਂਦੇ ਹਨ। ਮੁੱਕਦੀ ਗੱਲ ਇਹ ਹੈ ਕਿ ਇਸ ਕਹਾਣੀ ਦੇ ਹਵਾਲੇ ਨਾਲ ਅਕਲਮੰਦੀ ਦੀ ਕੋਈ ਪਰਤ ਬਿਆਨ ਹੋ ਜਾਂਦੀ ਹੈ। ਇਹ ਕਹਾਣੀ ਮੌਤ ਨੂੰ ਜਿਊਣ ਦਾ ਪ੍ਰਣ-ਪੱਤਰ ਹੈ। ਸਾਰਾ ਪੰਜਾਬ ਤੇ ਖ਼ਾਸ ਕਰਕੇ ਪੇਂਡੂ ਪੰਜਾਬ, ਹੋਰ ਖਾਸ ਕਰਕੇ ਬਹਿਕਾਂ ਵਾਲਾ ਇਸਨੂੰ ਪਤਾ ਨਹੀਂ ਕਿਉਂ ਜੀਵੀ ਜਾ ਰਿਹਾ ਹੈ।''[48]

'ਬਹਿਕਾਂ ਵਾਲਾ ਪੰਜਾਬ' ਪੰਜਾਬ ਦੀ ਕਿਸਾਨੀ ਦਾ ਹੀ ਪ੍ਰਤਿਨਿਧ ਹੈ, ਜਿਹੜਾ ਰਾਜਨੀਤੀ ਤੇ ਧਰਮ ਦੀ ਦੂਹਰੀ ਮਾਰ ਦਾ ਸ਼ਿਕਾਰ ਹੋ ਗਿਆ ਸੀ। ਇਹ ਲੇਖਕ ਦੀ ਰਚਨਾਤਮਕ ਦ੍ਰਿਸ਼ਟੀ ਦਾ ਹੀ ਹਾਸਲ ਹੈ ਕਿ ਉਹ ਅਜਿਹੇ ਹਨੇਰੇ ਪਲਾਂ ਵਿਚ ਵੀ ਰੌਸ਼ਨੀ ਦੀ ਕਿਰਨ ਦਾ ਪੱਲਾ ਨਹੀਂ ਛੱਡਦਾ। ਜਦੋਂ ਬੇਦੋਸ਼ੇ ਲੋਕ ਕੁੱਤਿਆਂ ਵਾਂਗ ਮਾਰੇ ਜਾ ਰਹੇ ਸਨ ਤਾਂ ਉਸ ਵੇਲੇ ਮੁੱਖੇ ਨਿਹੰਗ ਦਾ ਬੇਦੋਸ਼ੇ ਕੁੱਤਿਆਂ ਨੂੰ ਮਾਰਨ ਤੋਂ ਇਨਕਾਰ ਕਰਨਾ ਪੰਜਾਬ ਦੀ ਕਿਸੇ ਨੁੱਕਰ ਵਿਚ ਜਗਦੀ ਜਾਗਦੀ ਅਣਖ ਤੇ ਸੱਚੀ ਸਿੱਖੀ ਦੀ ਬਲਦੀ ਚਾਨਣ-ਕਿਰਨ ਦਾ ਪ੍ਰਤੀਕ ਬਣ ਜਾਂਦਾ ਹੈ ਤੇ ਜੋਗਿੰਦਰ ਉਸਦੇ ਕਿਰਦਾਰ ਵਿਚੋਂ ਆਪਣੀ ਤੇ ਪੰਜਾਬ ਦੀ ਡਿੱਗੀ ਹੋਈ ਪੱਗ ਮੁੜ ਤੋਂ ਸਿਰ 'ਤੇ ਟਿਕ ਗਈ ਮਹਿਸੂਸ ਕਰਦਾ ਹੈ। ਡਾ. ਗੁਰਬਚਨ ਮੁਤਾਬਿਕ, ''ਮੁੱਖੇ ਨਿਹੰਗ ਦਾ ਬੇਦੋਸ਼ੇ ਜੀਵਾਂ ਨੂੰ ਨਾ ਮਾਰਨ ਦਾ ਦ੍ਰਿੜ ਇਰਾਦਾ ਜੋਗਿੰਦਰ ਨੂੰ ਸਾਵਾਂ ਕਰਦਾ ਹੈ। 'ਕੁੱਤੇ ਮਾਰਨ ਤੋਂ ਬਾਅਦ ਜੋ ਮੁਸ਼ਕ ਇਰਦ ਗਿਰਦ ਜੋਗਿੰਦਰ ਨੂੰ ਮਹਿਸੂਸ ਹੁੰਦੀ ਹੈ ਮਾਨਵੀ ਪੱਧਰ 'ਤੇ ਉਸਤੋਂ ਛੁਟਕਾਰਾ ਮੁੱਖੇ ਵਰਗੇ ਬੰਦਿਆਂ ਦੀ ਮੌਜੂਦਗੀ ਨਾਲ ਹੀ ਹੋ ਸਕਦਾ ਹੈ। ਮੁੱਖੇ ਦੀ ਕੁੱਤੇ ਨਾ ਮਾਰਨ ਦੀ ਜ਼ਿਦ ਨਾਲ ਜੋਗਿੰਦਰ ਨੂੰ ਜਾਤੀਗਤ ਤੇ ਨਿੱਜੀ ਵਰਿਆਮਗੀ ਬਹਾਲ ਹੋ ਗਈ ਪ੍ਰਤੀਤ ਹੁੰਦੀ ਹੈ।''[49]

ਜਿਸ ਤਰ੍ਹਾਂ ਵਰਿਆਮ ਸਿੰਘ ਸੰਧੂ ਪੰਜਾਬ ਦੀ ਕਿਸਾਨੀ ਦੇ ਸੰਕਟ ਨੂੰ ਪੇਸ਼ ਕਰਦਿਆਂ ਅਤਿ ਦੀਆਂ ਤਬਾਹਕੁੰਨ ਹਾਲਤਾਂ ਵਿਚ ਵੀ ਰੌਸ਼ਨੀ ਦੀ ਕਿਰਨ ਵੇਖ ਲੈਂਦਾ ਹੈ। ਇੰਜ ਹੀ ਉਹ ਫ਼ਿਰਕੂ ਤਾਕਤਾਂ ਦੇ ਦਬਾਅ ਅਧੀਨ ਖੰਡਿਤ ਹੋ ਚੁੱਕੀ ਪੰਜਾਬੀਅਤ ਨੂੰ ਵੀ ਹਾਂ-ਮੁਖੀ ਹੁੰਗਾਰਾ ਭਰਦਾ ਹੈ। ਇਹ ਹੁੰਗਾਰਾ ਪੰਜਾਬ ਦੇ ਇਤਹਾਸ ਅਤੇ ਸਾਂਝੇ ਸਭਿਆਚਾਰ ਦੇ ਯਥਾਰਥਕ ਹਵਾਲਿਆਂ ਨਾਲ

ਗਲਪ ਰੂਪ ਵਿਚ ਬੰਨ੍ਹ ਕੇ ਪ੍ਰਸਤੁਤ ਕਰਦਾ ਹੈ। ਪੰਜਾਬ ਦੇ ਵਿਭਿੰਨ ਫ਼ਿਰਕੂ ਭਾਈਚਾਰਿਆਂ ਵਿਚ ਨਫ਼ਰਤ ਅਤੇ ਵਿਰੋਧ ਦੇ ਵਿਰੋਧਾਭਾਸਕ ਰਿਸ਼ਤੇ ਦੀ ਕਲਾਤਮਕ ਅੱਕਾਸੀ ਉਸਦੀਆਂ ਕਈ ਕਹਾਣੀਆਂ ਵਿਚ ਹੋਈ ਹੈ। ਇਸ ਰਿਸ਼ਤੇ ਦੀਆਂ ਜੜ੍ਹਾਂ ਤਲਾਸ਼ ਕਰਨ ਲਈ ਉਹ ਪੰਜਾਬ ਦੇ ਇਤਿਹਾਸ ਦੇ ਡੂੰਘ ਵਿਚ ਉਤਰਦਾ ਹੈ। ਉਸਨੂੰ ਲੱਗਦਾ ਹੈ ਕਿ ਅੰਗਰੇਜ਼ਾਂ ਦੀਆਂ ਭਾਰਤ ਵਿਚ ਵੱਸਦੇ ਫ਼ਿਰਕਿਆਂ ਨੂੰ ਪਾੜ ਕੇ ਰਾਜ ਕਰਨ ਦੀਆਂ 'ਲੂੰਬੜ ਚਾਲਾਂ'[50] ਕਾਰਣ ਪੰਜਾਬ ਦਾ ਭਾਈਚਾਰਾ ਫ਼ਿਰਕਿਆਂ ਦੀ ਸ਼ਕਲ ਵਿਚ ਵੰਡਿਆ ਗਿਆ। ਵਰਤਮਾਨ ਦੌਰ ਦੀ ਫ਼ਿਰਕੂ ਨਫ਼ਰਤ ਦੇ ਸਿਰਜਕ ਮੌਜੂਦਾ ਹੁਕਮਰਾਨਾਂ ਵਿਚ ਵੀ ਅੰਗਰੇਜ਼ਾਂ ਦੀ ਆਤਮਾ ਵੱਸਦੀ ਹੈ ਤੇ ਹੁਣ ਵੀ ਲੇਖਕ ਨੂੰ 'ਘਰ ਘਰ 'ਚ ਅੰਗਰੇਜ਼' ਬੈਠੇ ਦਿੱਸਦੇ ਹਨ।[51] ਵੰਡੀ ਜਾ ਰਹੀ ਪੰਜਾਬੀਅਤ ਦੀ ਇਸ ਹਕੀਕਤ ਨੂੰ ਸਵੀਕਾਰ ਕਰਦਿਆਂ ਹੋਇਆਂ ਵੀ ਲੇਖਕ ਸਾਂਝੇ ਇਤਿਹਾਸ, ਸਭਿਆਚਾਰ, ਸਾਂਝੇ ਵਿਸ਼ਵਾਸਾਂ ਦੇ ਗਾਲਪਨਿਕ ਵਿਚ ਹਵਾਲਿਆਂ ਨਾਲ ਸਾਂਝੀ ਪੰਜਾਬੀ ਸੰਸਕ੍ਰਿਤੀ ਦਾ ਸੱਚ ਉਘੜਦਾ ਹੈ।

ਕਹਾਣੀ 'ਪ੍ਰਛਾਵੇਂ'[52] ਵਿਚ ਕਸ਼ਮੀਰੀ ਪੰਡਤਾਂ ਦਾ ਹਵਾਲਾ ਜਿੱਥੇ ਗੁਰੂ ਤੇਗ ਬਹਾਦਰ ਵੱਲੋਂ ਕਿਸੇ ਦੇ ਵੀ ਨਿੱਜੀ ਧਾਰਮਿਕ ਵਿਸ਼ਵਾਸ ਵਿਚ ਹਕੂਮਤ ਦੀ ਦਖ਼ਲ ਅੰਦਾਜ਼ੀ ਨੂੰ ਅਪ੍ਰਵਾਨ ਕਰਦਾ ਹੈ ਤੇ ਵੱਖਰਾ ਧਾਰਮਿਕ ਵਿਸ਼ਵਾਸ ਰੱਖਣ ਦੇ ਬਾਵਜੂਦ ਦੂਜੇ ਦੇ ਧਾਰਮਿਕ ਵਿਸ਼ਵਾਸਾਂ ਲਈ ਕੁਰਬਾਨ ਹੋਣ ਦਾ ਚਿਹਨ ਬਣ ਜਾਂਦਾ ਹੈ, ਨਾਲ ਹੀ ਗੁਰੂ ਮੁੱਲਾਂ ਤੋਂ ਬੇ-ਮੁੱਖ ਹੋ ਗਈ ਸਿੱਖੀ ਦੇ ਵਰਤਮਾਨ ਸਰੂਪ ਨੂੰ ਵੀ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੋਇਆ ਲੇਖਕ ਇਹ ਵੀ ਸੰਕੇਤ ਦਿੰਦਾ ਹੈ ਕਿ ਜੇ ਕਦੇ ਸਿੱਖੀ ਹਿੰਦੂਆਂ ਦੀ ਧਰਮ ਰਖਵਾਲੀ ਦੀ ਧਿਰ ਬਣੀ ਸੀ ਤਾਂ ਸੱਚਾ ਸਿੱਖੀ ਕਿਰਦਾਰ ਹੁਣ ਇਹ ਮੰਗ ਕਰਦਾ ਹੈ ਕਿ ਉਹ 'ਫ਼ਜ਼ਲ ਹੱਕਾਂ' ਨੂੰ ਸਿੱਖੀ ਜਾਂ ਧਰਮ ਦੇ ਨਾਂ 'ਤੇ ਕਤਲ ਕਰਨ ਦੀ ਥਾਂ ਗੁਰੂ ਸਿੱਖਿਆ 'ਤੇ ਅਮਲ ਕਰਦਿਆਂ ਉਹਨਾਂ ਦੇ ਬਚਾਅ ਲਈ ਅੱਗੇ ਆਵੇ। ਇਸੇ ਕਹਾਣੀ ਵਿਚ ਮੁਸਲਮਾਨਾਂ ਨਾਲ ਸਾਂਝ ਦੇ ਦ੍ਰਿਸ਼ ਵੀ ਸਾਂਝੀ ਪੰਜਾਬੀਅਤ ਵੱਲ ਸਿਰਜਣਾਤਮਕ ਸੰਕੇਤ ਕਰਦੇ ਹਨ। ਸਮਾਂ ਬੀਤ ਜਾਣ 'ਤੇ ਸਾਰੇ ਪਿੰਡ ਦੇ ਲੋਕਾਂ ਨੂੰ ਜਿੱਥੇ ਵੰਡੇ ਜਾਣ 'ਤੇ ਦੋ ਮੁਲਕ ਬਣ ਜਾਣ ਦਾ

ਵਿਗੋਚਾ ਹੈ ਉਥੇ ਬਲਬੀਰ ਸਿੰਘ ਵਰਗਾ ਮੁਸਲਮਾਨਾਂ ਦਾ ਕਾਤਲ ਵੀ ਸਮਾਂ ਬੀਤਣ ਨਾਲ ਫ਼ਿਰਕੂ ਵੇਗ ਤੋਂ ਮੁਕਤ ਹੋ ਜਾਂਦਾ ਹੈ, ਆਪਣੇ ਕੀਤੇ 'ਤੇ ਸ਼ਰਮਿੰਦਾ ਵੀ ਹੁੰਦਾ ਹੈ ਤੇ ਮੌਲਵੀ ਅਬਦੁਲ ਗਨੀ ਦੀ ਪਲੇਟ ਵਿਚੋਂ ਜੂਠੀਆਂ ਜਲੇਬੀਆਂ ਵੀ ਖਾ ਲੈਂਦਾ ਹੈ। ਲੇਖਕ ਇਹ ਵੀ ਸੰਕੇਤ ਦਿੰਦਾ ਹੈ ਕਿ ਉਪਰਲੀਆਂ ਸ਼੍ਰੇਣੀਆਂ ਦੇ ਭਰਮ ਜਾਲ ਵਿਚ ਫਸਕੇ ਭਾਵੇਂ ਬੰਦਾ ਕਤਲ ਵੀ ਕਰਦਾ ਹੈ, ਪਰ ਧੁਰ ਅੰਦਰਲੇ ਤਲ ਤੋਂ ਉਸਦੀ ਇਨਸਾਨੀਅਤ ਸਾਂਝੇ ਭਾਈਚਾਰੇ ਦੇ ਹੱਕ ਵਿਚ ਹੀ ਵੋਟ ਪਾਉਂਦੀ ਹੈ। ਇੰਜ ਉਹ ਮਨੁੱਖੀ ਮਨ ਦੇ ਡੂੰਘ ਵਿਚ ਉਤਰਨ ਦਾ ਕਲਾਤਮਕ ਕਮਾਲ ਵਿਖਾਉਂਦਾ ਹੈ।

'ਚੌਥੀ ਕੂਟ'[53] ਵਿਚ ਪੰਜਾਬ ਸੰਕਟ ਦੌਰਾਨ ਪਏ ਫ਼ਿਰਕੂ ਪਾੜ ਦੀ ਹਕੀਕਤ ਦਾ ਡਰਾਉਣਾ ਦ੍ਰਿਸ਼ ਬਿਆਨ ਕੀਤਾ ਗਿਆ ਹੈ ਜਿਸ ਵਿਚ ਜੇ ਇਕ ਪਾਸੇ ਰੇਲ ਗੱਡੀ ਵਿਚ ਬੈਠੇ ਹਿੰਦੂ ਪਾਤਰ ਸਿੱਖ ਨੌਜਵਾਨਾਂ ਤੋਂ ਜਾਨ ਦਾ ਖਤਰਾ ਮਹਿਸੂਸ ਕਰਦੇ ਹਨ ਤਾਂ ਦੂਜੇ ਪਾਸੇ ਰੇਲ ਤੋਂ ਉੱਤਰ ਕੇ ਸਿੱਖ ਨੌਜਵਾਨ ਹਿੰਦੂ ਨੌਜਵਾਨਾਂ ਕੋਲੋਂ ਸਾਥ ਦੀ ਮੰਗ ਕਰਦੇ ਹਨ ਤਾਂ ਕਿ ਉਨ੍ਹਾਂ ਨੂੰ ਦਹਿਸ਼ਤਗਰਦ ਸਮਝ ਕੇ ਪੁਲੀਸ ਗੋਲੀ ਨਾ ਮਾਰ ਦੇਵੇ। ਜ਼ਾਹਰ ਹੈ ਕਿ ਲੇਖਕ ਦੋਹਾਂ ਫ਼ਿਰਕਿਆਂ ਵਿਚ ਪੈਦਾ ਹੋ ਗਈ ਬੇ-ਵਿਸਾਹੀ ਤੇ ਅਸੰਤੁਲਨ ਨੂੰ ਸੰਤੁਲਨ ਵਿਚ ਲਿਆਉਣ ਦਾ ਸੰਕੇਤ ਦੇਂਦਾ ਹੈ ਕਿ ਇਕ ਦੂਸਰੇ ਲਈ ਜਾਨ ਦਾ ਭੈਅ ਬਣਨ ਦੀ ਥਾਂ ਜਿੰਨਾਂ ਚਿਰ ਗੁਰੂਆਂ ਵੱਲੋਂ ਸਥਾਪਿਤ ਕੀਤੀ ਰਵਾਇਤ ਅਨੁਸਾਰ ਇਕ ਦੂਜੇ ਲਈ ਆਸਰਾ ਨਹੀਂ ਬਣਦੇ ਪੰਜਾਬ ਦਾ ਭਲਾ ਸੰਭਵ ਨਹੀਂ। ਕਹਾਣੀ ਵਿਚ ਸੁਰਜੀਤ ਦੀ 'ਡਾਂਗ' ਤੇ 'ਬੈਟਰੀ' ਦੂਜੇ ਫ਼ਿਰਕੇ ਲਈ ਰਖਿਆ ਤੇ ਰੌਸ਼ਨੀ ਦਾ ਚਿਹਨ ਬਣਦੀ ਹੈ। ਹਿੰਦੂ ਨੌਜਵਾਨਾਂ ਦਾ ਸਿੱਖ ਨੌਜਵਾਨਾਂ ਦੀ ਰੱਖਿਆ ਲਈ ਉਨ੍ਹਾਂ ਨੂੰ ਆਪਣੀ ਸੁਰੱਖਿਆ ਵਿਚ ਲੈਣਾ ਸਾਂਝੀ ਪੰਜਾਬੀਅਤ ਵੱਲ ਵਾਪਸੀ ਦਾ ਸੰਕੇਤ ਹੈ। ਏਨਾ ਹੀ ਨਹੀਂ ਸਾਂਝੇ ਸਭਿਆਚਾਰ ਵਿਚ ਭਾਈਚਾਰਿਆਂ ਦੀ ਆਪਸੀ ਸਾਂਝ ਦੇ ਹਵਾਲੇ ਉਸਦੀਆਂ ਕਹਾਣੀਆਂ ਵਿਚ ਥਾਂ-ਥਾਂ ਮਿਲ ਜਾਂਦੇ ਹਨ। ਰਾਮ ਲਾਲ ਦਾ ਜਵਾਈ ਕਰਤਾਰ ਕੌਰ ਦਾ ਵੀ ਜਵਾਈ ਹੈ ਤੇ ਪਾਰੋ ਲਈ ਕਰਤਾਰ ਕੌਰ ਉਸਦੀ ਤਾਈ ਹੈ ਤੇ ਸੁਰਜੀਤ ਪਾਰਵਤੀ ਦੇ ਬੱਚੇ ਦਾ ਮਾਮਾ ਹੈ। ਕਹਾਣੀ ਵਿਚ ਮਾਸਟਰ ਹਰਚਰਨ ਤੇ ਸਕੂਲ ਦੇ ਕਲਰਕ ਦੀ

ਭਾਈਚਾਰਕ ਸਾਂਝ ਦਾ ਚਿਤਰ ਹੈ। 'ਰਿਮਝਿਮ ਪਰਬਤ' ਵਿਚ ਪਿੰਡ ਦੇ ਨੌ-ਜਵਾਨ ਸੰਤਾਲੀ ਦੇ ਹੱਲਿਆਂ ਵੇਲੇ ਫ਼ਾਤਿਮਾ ਨੂੰ ਪਿੰਡ ਦੀ ਧੀ ਭੈਣ ਸਮਝਦੇ ਹੋਏ ਗੁੰਡਿਆਂ ਤੋਂ ਬਚਾਉਂਦੇ ਹਨ ਤੇ ਫਿਰ ਪਿੰਡ ਵਾਸੀ ਉਸਨੂੰ ਪਿੰਡ ਦੀ ਧੀ ਸਮਝਕੇ ਹੀ ਸਹੁਰੇ ਤੋਰਨ ਵਾਂਗ ਪੂਰੇ ਸ਼ਗਨਾਂ ਨਾਲ ਪਰਿਵਾਰ ਸਮੇਤ ਪਾਕਿਸਤਾਨ ਤੋਰਦੇ ਹਨ।

ਪੰਜਾਬੀਆਂ ਦੀ ਸਭਿਆਚਾਰਕ ਰਿਸ਼ਤਗੀ ਦਾ ਇਕ ਹੋਰ ਪਹਿਲੂ ਉਨ੍ਹਾਂ ਦੀ ਧਾਰਮਿਕ ਅਸਥਾਨਾਂ ਵਿਚ ਵੀ ਸਾਂਝੀ ਆਸਥਾ ਹੋਣਾ ਵੀ ਸੀ। 'ਚੌਥੀ ਕੂਟ' ਵਿਚ ਹੀ ਮੁੱਖ ਪਾਤਰ ਦੀ ਦਾਦੀ ਆਪਣੇ ਦੋਹਤੇ ਰਕੇਸ਼ ਨੂੰ ਬਚਪਨ ਵਿਚ ਬੀਮਾਰ ਹੋ ਜਾਣ 'ਤੇ ਦੁਖ ਭੰਜਨੀ ਬੇਰੀ ਹੇਠਾਂ ਸਰੋਵਰ ਵਿਚ ਇਸ਼ਨਾਨ ਕਰਵਾ ਕੇ ਲਿਆਈ ਸੀ ਤੇ ਦਰਬਾਰ ਸਾਹਿਬ ਮੱਥਾ ਟਿਕਵਾ ਕੇ ਵੀ। ਉਹ ਹਰ ਵੇਲੇ 'ਧੰਨ ਗੁਰੂ ਰਾਮਦਾਸ ਧੰਨ ਗੁਰੂ ਰਾਮਦਾਸ' ਕਰਦੀ ਰਹਿੰਦੀ ਸੀ।[54] ਗੁਰੂ ਰਾਮਦਾਸ ਤੇ ਹਰਿਮੰਦਰ ਸਾਹਿਬ ਵਿਚ ਉਸਦਾ ਵਿਸ਼ਵਾਸ ਤੇ ਆਸਥਾ ਕਿਸੇ ਵੀ ਸ਼ਰਧਾਲੂ ਸਿੱਖ ਤੋਂ ਘੱਟ ਨਹੀਂ, ਪਰ ਰਾਜਨੀਤਿਕ ਤਾਕਤਾਂ ਨੇ ਉਸੇ ਦਰਬਾਰ ਸਾਹਿਬ ਨੂੰ ਹਮਲੇ ਦੀ ਮਾਰ ਹੇਠ ਲੈ ਆਂਦਾ। ਦਰਬਾਰ ਸਾਹਿਬ ਦੀ ਇਸ ਬੇਅਦਬੀ ਵਿਚ ਸਾਰੀਆਂ ਹੀ ਧਿਰਾਂ ਕਸੂਰਵਾਰ ਸਨ, ਪਰ ਬਹੁਤਾ ਕਸੂਰ ਉਨ੍ਹਾਂ ਧਿਰਾਂ ਦਾ ਸੀ ਜਿਨ੍ਹਾਂ ਨੇ ਆਪਣੇ ਰਾਜਨੀਤਿਕ ਮੁਫ਼ਾਦਾਂ ਲਈ ਅਜਿਹਾ ਮਾਹੌਲ ਸਿਰਜਿਆ ਤੇ ਪੰਜਾਬ ਨੂੰ ਵੱਡੇ ਸੰਕਟ ਵਿਚ ਧਕੇਲ ਦਿੱਤਾ। ਵਰਿਆਮ ਸਿੰਘ ਸੰਧੂ ਦੀ ਕਹਾਣੀ ਕਲਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਹਕੀਕਤ 'ਤੇ ਆਦਰਸ਼ ਦਾ ਮੁਲੰਮਾ ਨਹੀਂ ਚਾੜ੍ਹਦਾ, ਸਗੋਂ ਪੰਜਾਬੀ ਭਾਈਚਾਰਿਆਂ ਦੀ ਸਾਂਝ ਅਤੇ ਅਸਾਂਝ, ਮੁਹੱਬਤ ਅਤੇ ਨਫ਼ਰਤ ਦਾ ਇਤਹਾਸਕ ਵਿਵੇਕ ਸਿਰਜਦਾ ਹੋਇਆ ਦੋਹਾਂ ਧਿਰਾਂ ਦੇ ਸਾਪੇਖ ਸੱਚ ਨੂੰ ਵੀ ਜ਼ੁਬਾਨ ਦੇਂਦਾ ਹੈ। ਅੰਤਿਮ ਰੂਪ ਵਿਚ ਉਹ ਵਿਤਕਰੇ ਤੇ ਵੰਡੀਆਂ ਦੀ ਥਾਂ ਸਾਂਝੇ ਇਤਹਾਸ, ਸਾਂਝੇ ਵਿਸ਼ਵਾਸ, ਸਾਂਝੀਆਂ ਰਵਾਇਤਾਂ ਤੇ ਸਾਂਝੀ ਰਹਿਤਲ ਦੇ ਹਵਾਲੇ ਨਾਲ ਬਣ ਗਏ ਭਾਈਚਾਰਕ ਅਸਤੁੰਲਨ ਨੂੰ ਸੰਤੁਲਨ ਵਿਚ ਬਦਲਣ ਦਾ ਗਲਪ ਬਿੰਬ ਸਿਰਜ ਕੇ ਯਥਾਰਥ ਦਾ ਹਾਂ-ਮੁੱਖ ਰੂਪ ਪੇਸ਼ ਕਰਦਾ ਹੈ ਅਤੇ ਸਾਹਿਤ ਦਾ ਸਾਰਥਕ ਸਮਾਜਕ-

ਸਭਿਆਚਾਰਕ ਰੋਲ ਨਿਭਾਉਣ ਦੀ ਜ਼ਰੂਰਤ ਨੂੰ ਉਭਾਰਦਾ ਹੈ।

ਵੱਡੇ ਦੁੱਖ ਦੀ ਗੱਲ ਇਹ ਹੈ ਕਿ ਇਸ ਦੌਰ ਵਿਚ ਵੀ ਸਭ ਤੋਂ ਵੱਡਾ ਸੰਤਾਪ ਪੰਜਾਬ ਦੀ ਕਿਸਾਨੀ ਨੂੰ ਹੀ ਭੁਗਤਣਾ ਪਿਆ। ਇਸ ਸੰਕਟ ਨੂੰ ਆਮ ਕਰਕੇ ਜੱਟਾਂ ਦੀ ਜੱਟਾਂ ਨਾਲ ਲੜਾਈ ਦੇ ਰੂਪ ਵਿਚ ਵੇਖਿਆ-ਸਮਝਿਆ ਜਾ ਰਿਹਾ ਸੀ ; ਜੱਟ ਹੀ ਮਰਨ ਵਾਲੇ ਤੇ ਜੱਟ ਹੀ ਮਾਰਨ ਵਾਲੇ। ਪੰਜਾਬ ਦੀ ਰਾਜਨੀਤੀ ਵਿਚ ਵੀ ਸਰਦਾਰੀ ਕਿਸਾਨੀ ਦੀ ਹੀ ਸੀ ਤੇ ਪੁਲੀਸ ਵਿਚ ਵੀ। ਦੂਜੇ ਪਾਸੇ, ਖਾੜਕੂ ਸਫ਼ਾਂ ਵਿਚ ਵੀ ਵਧੇਰੇ ਭਰਤੀ ਪੰਜਾਬ ਦੀ ਕਿਸਾਨੀ ਦੀ ਹੀ ਸੀ। ਇੰਜ ਰਾਜਨੀਤੀ ਤੇ ਧਰਮ ਦੀ ਡੂੰਘੀ ਸੂਝ ਦੇ ਅਭਾਵ ਵਿਚ ਪੰਜਾਬ ਦੀ ਕਿਸਾਨੀ ਆਪਣੇ ਆਪ ’ਤੇ ਆਪ ਹੀ ਵਾਰ ਕਰਕੇ ਤਬਾਹ ਹੋ ਰਹੀ ਸੀ। ‘ਜਮਰੌਦ’ ਵਿਚ ਅਮਰੀਕ ਦੇ ਸ਼ਰੀਕੇ ਵਿਚੋਂ ਤਾਏ ਦਾ ਪੁੱਤ ਸਰਤਾਜ ਅਮਰੀਕ ਹੋਰਾਂ ਦੀ ਜ਼ਮੀਨ ਹਥਿਆਉਣ ਲਈ ਉਨ੍ਹਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕਰਨ ਵਾਲੀ ਖਾੜਕੂ ਧਿਰ ਹੈ।[55] ਏਨਾ ਹੀ ਨਹੀਂ ਸਗੋਂ ਸਰਤਾਜ ਆਪਣੇ ਸਕਿਆਂ ਵਿਚੋਂ ਆਪਣੇ ਚਾਚੇ ਕਾਮਰੇਡ ਜਰਨੈਲ ਦੀ ਜਲਾਵਤਨੀ ਦਾ ਕਾਰਣ ਵੀ ਬਣਦਾ ਹੈ। ‘ਮੈਂ ਹੁਣ ਠੀਕ ਠਾਕ ਹਾਂ’[56] ਵਿਚ ਜੋਗਿੰਦਰ ਦਾ ਆਪਣਾ ਪੁੱਤ ਪੁਲੀਸ ਵਿਚ ਹੈ ਤੇ ਇਸ ਕਰਕੇ ਹੀ ਉਸਦਾ ਰਿਸ਼ਤੇਦਾਰ ਮਹਿੰਦਰ ਥਾਣੇਦਾਰ ਖਾੜਕੂਆਂ ਵੱਲੋਂ ਮਾਰ ਦਿੱਤਾ ਜਾਂਦਾ ਹੈ ; ਜਦਕਿ ਦੂਜੇ ਪਾਸੇ ਪੁਲੀਸ ਵੀ ਖਾੜਕੂਆਂ ਦੇ ਨਾਂ ’ਤੇ ਬੇਦੋਸ਼ੇ ਲੋਕਾਂ ਨੂੰ ਹੀ ਮਾਰ ਰਹੀ ਹੈ।

ਧਰਮ ਦੇ ਸੰਕੀਰਣ ਤੇ ਸੀਮਤ ਅਰਥਾਂ ਵਾਲੇ ਸਰੂਪ ਨੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਹੈ। ਪੰਜਾਬ ਦੀ ਕਿਸਾਨੀ ਦੀ ਵੱਡੀ ਗਿਣਤੀ ਸਿੱਖ ਧਰਮ ਨਾਲ ਸੰਬੰਧਿਤ ਹੈ। ਸੰਧੂ ਆਪਣੀਆਂ ਕਹਾਣੀਆਂ ਵਿਚ ਸਿੱਖੀ ਦੇ ਵਿਗੜੇ ਸਰੂਪ ਨੂੰ ਜਿੱਥੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ ਉੱਥੇ ਸਿੱਖੀ ਦੀਆਂ ਸ਼ਾਨਦਾਰ ਰਵਾਇਤਾਂ ਤੋਂ ਵਿਛੁੰਨੇ ਜਾਣ ਦੇ ਸਮੱਸਿਆਕਾਰ ਦਾ ਬੋਧ ਵੀ ਕਰਵਾਉਂਦਾ ਹੈ। ‘ਰਿਮਝਿਮ ਪਰਬਤ’ ਵਿਚ ਉਹ ਸਿੱਖ ਧਰਮ ਬਾਰੇ ਕੁਝ ਬੁਨਿਆਦੀ ਮਹੱਤਵ ਵਾਲੇ ਨੁਕਤਿਆਂ ਨੂੰ ਸਾਹਿਤਕ ਬਿੰਬ ਵਿਚ ਢਾਲਣ ਦਾ ਸਫ਼ਲ ਯਤਨ ਕਰਦਾ ਹੈ। ਜਦੋਂ ਸਿੱਖੀ ਦਾ ਨਾਂ ਵਰਤ ਕੇ ਕੁਝ

ਸਵਾਰਥੀ ਲੋਕ ਦੇਸ਼ ਭਗਤ ਗ਼ਦਰੀਆਂ ਦੀ ਯਾਦਗਾਰ 'ਤੇ ਕਬਜ਼ਾ ਕਰਨ ਦਾ ਯਤਨ ਕਰਦੇ ਹਨ ਤਾਂ ਅਰਜਨ ਸਿੰਘ ਆਪਣੀ ਕਿਰਪਾਨ ਕੱਢ ਕੇ ਮੈਦਾਨ ਵਿਚ ਡਟ ਜਾਂਦਾ ਹੈ, ਪਰ ਨਾਲ ਹੀ ਸਿੱਖੀ ਵਿਚ ਕਿਰਪਾਨ ਦੀ ਵਰਤੋਂ ਆਦਰਸ਼ਿਆਏ ਜਾਣ 'ਤੇ ਸਵਾਲ ਵੀ ਖੜ੍ਹਾ ਕਰਦਾ ਹੈ।[57] ਅਸਲ ਵਿਚ ਕਿਸੇ ਵੀ ਲਿਖਤ ਦੀ ਅੰਤਰਧਾਰਾ ਵਿਚ ਲੇਖਕ ਦਾ ਨਜ਼ਰੀਆ ਹੀ ਪ੍ਰਵਾਹਿਤ ਹੋ ਰਿਹਾ ਹੁੰਦਾ ਹੈ। ਸੰਧੂ ਸਿੱਖੀ ਦੀਆਂ ਰਵਾਇਤਾਂ ਵਿਚ ਆ ਰਹੇ ਵਿਗਾੜਾਂ ਬਾਰੇ ਵੀ ਚੇਤੰਨ ਕਰਦਾ ਹੈ, "ਸਿਰਫ਼ 'ਸਿਪਾਹੀ' ਰਹਿ ਗਏ 'ਸੰਤ' ਨੂੰ ਕਿਤੇ ਅਧਵਾਟੇ ਹੀ ਛੱਡ ਆਏ।"[58] ਇੰਜ ਵਰਿਆਮ ਸਿੰਘ ਸੰਧੂ ਸ਼ਬਦ ਅਤੇ ਸ਼ਕਤੀ (ਭਗਉਤੀ) ਦੀ ਪਹਿਲ-ਦੂਜ ਬਦਲ ਕੇ ਸਾਨੂੰ ਦਾਰਸ਼ਨਿਕ ਪੱਧਰ 'ਤੇ ਸਮਝਾ ਰਿਹਾ ਹੈ ਕਿ ਤਲਵਾਰ ਨੂੰ ਲੋੜੋਂ ਵੱਧ ਮਹੱਤਤਾ ਦੇਣ ਕਰਕੇ ਪੰਜਾਬ ਦੀ ਕਿਸਾਨੀ ਸ਼ਹੀਦੀ ਦੇ ਰੁਮਾਂਸ ਨਾਲ ਜੁੜੀ ਰਹੀ ਹੈ ਤੇ ਉਸ ਨੂੰ ਪਤਾ ਨਹੀਂ ਲੱਗ ਸਕਿਆ ਕਿ ਉਹ ਕਿਸੇ ਹੋਰ ਦੇ ਮੁਫ਼ਾਦ ਦੀ ਪੂਰਤੀ ਦਾ ਸਾਧਨ ਬਣੀ ਹੋਈ ਹੈ। ਚਾਤਰ ਲੋਕ ਸੁਰੱਖਿਅਤ ਪਿੱਛੇ ਬੈਠੇ ਕਿਸਾਨੀ ਦੇ ਇਸ ਰੋਮਾਂਟਿਕ ਜਜ਼ਬੇ ਨੂੰ ਆਪਣੇ ਹਿਤਾਂ ਲਈ ਹਮੇਸ਼ਾ ਵਰਤਦੇ ਆਏ ਹਨ, ਹਮੇਸ਼ਾ ਵਰਤਦੇ ਰਹਿੰਦੇ ਹਨ।

ਦੋ-ਧਿਰੀ ਦਹਿਸ਼ਤ ਦੇ ਅਨੇਕਾਂ ਵੇਰਵੇ ਸੰਧੂ ਦੀਆਂ ਕਹਾਣੀਆਂ ਵਿਚ ਖਿਲਰੇ ਪਏ ਹਨ ਪਰ ਧਰਮ ਦੇ ਖੇਤਰ ਵਿਚ ਜਿਹੜੇ ਸੰਤ ਦੀ ਗੱਲ ਹੋਣੀ ਚਾਹੀਦੀ ਸੀ ਉਹਦੀ ਥਾਂ 'ਤੇ ਵੀ ਦੰਭੀ ਸੰਤਗਿਰੀ ਸ਼ੁਰੂ ਹੋ ਗਈ। ਅੱਜ ਪੰਜਾਬ ਦੇ ਪਿੰਡ ਡੇਰਾ ਸਭਿਆਚਾਰ ਦੀ ਬੁਰੀ ਮਾਰ ਹੇਠਾਂ ਜੀ-ਵਿਚਰ ਰਹੇ ਹਨ। ਇਹੋ ਜਿਹੇ ਇਕ ਡੇਰੇ ਦੇ ਸੰਤ ਦਾ ਕਿਰਦਾਰ 'ਵਾਪਸੀ' ਕਹਾਣੀ ਵਿਚ ਬੜੇ ਹੀ ਵਿਅੰਗ ਅਰਥਾਂ ਵਿਚ ਪੇਸ਼ ਹੋਇਆ ਹੈ। ਅਜੋਕੇ ਸਮਿਆਂ ਵਿਚ ਧਰਮ-ਤੰਤਰ ਦੰਭ-ਤੰਤਰ ਵਿਚ ਤਬਦੀਲ ਹੋ ਗਿਆ ਪ੍ਰਤੀਤ ਹੁੰਦਾ ਹੈ। ਧਰਮ ਕਿਸਾਨੀ ਨੂੰ ਅੰਧ-ਵਿਸ਼ਵਾਸ ਵਿਚ ਰੱਖ ਕੇ ਉਨ੍ਹਾਂ ਦੇ ਹਰ ਤਰ੍ਹਾਂ ਦੇ ਸ਼ੋਸ਼ਣ ਦਾ ਮਾਧਿਅਮ ਬਣ ਕੇ ਰਹਿ ਗਿਆ ਹੈ। ਇਹੋ ਕਾਰਣ ਹੈ ਕਿ ਕਈ ਵਾਰ ਪੰਜਾਬ ਦਾ ਕਿਸਾਨ ਆਪਣੇ ਅਨੁਭਵ ਦੇ ਆਧਾਰ 'ਤੇ ਧਰਮ ਅਤੇ ਰੱਬ ਦੇ ਮਾਨਵ-ਹਿਤੈਸ਼ੀ ਰੋਲ ਬਾਰੇ ਸ਼ੰਕਾਲੂ ਹੋ ਜਾਂਦਾ ਹੈ। ਪੰਜਾਬ ਦੀ ਕਿਸਾਨੀ ਲਈ ਵੈਸੇ ਤਾਂ ਰੱਬ ਦਾ ਨਿਰਪੇਖੀ ਸਰੂਪ ਕਦੇ ਵੀ ਉਚੇਚੀ ਖਿੱਚ ਦਾ

ਕਾਰਣ ਨਹੀਂ ਬਣ ਸਕਿਆ। ਧਰਮ ਪ੍ਰਤਿ ਇਸਦਾ ਨਜ਼ਰੀਆ ਮਨੋਰਥ ਯੁਕਤ ਹੀ ਰਿਹਾ ਹੈ। ਖੇਤੀ ਕਿੱਤੇ ਦੇ ਵੱਖਰੇ ਸਰੂਪ ਕਾਰਣ ਅਤੇ ਭਾਰਤੀ ਅਧਿਆਤਮਕ ਚਿੰਤਨ ਦੇ ਪ੍ਰਭਾਵ ਅਧੀਨ ਲੋਕ ਬੋਧ ਵਜੋਂ ਗ੍ਰਹਿਣ ਕਰਨ ਸਦਕਾ ਭਾਵੇਂ ਕਿਸਾਨੀ ਦੀ ਬਿਰਤੀ ਕਿਸਮਤਵਾਦੀ ਰੁਝਾਣ ਤੋਂ ਮੁਕਤ ਨਹੀਂ, ਪਰ ਇਸਦੇ ਗ਼ਲਬੇ ਥੱਲੇ ਵੀ ਨਹੀਂ। ਇਥੋਂ ਤੱਕ ਕਿ ਸਭ ਭਾਰਤੀ ਧਰਮਾਂ ਤੋਂ ਵਧੇਰੇ ਲੋਕ ਪੱਖੀ ਅਤੇ ਕਰਮ-ਕਾਂਡਾਂ ਤੋਂ ਮੁਕਤ ਸਿੱਖ-ਧਰਮ ਦੇ ਸਿੱਧਾਂਤਾਂ ਜਾਂ ਉਹਦੇ ਰੂਪ ਵਿਚ ਨਹੀਂ ਬੱਝ ਸਕੀ। ਸਿੱਖ ਸੰਸਕ੍ਰਿਤੀ ਦੀ ਧਾਰਨੀ ਪੰਜਾਬ ਦੀ ਕਿਸਾਨੀ ਦੀ ਸਿੱਖ ਧਰਮ ਪ੍ਰਤਿ ਸੂਝ ਅਨੁਭਵ ਮੂਲਕ ਹੈ। ਸਿੱਖ ਧਰਮ ਦੇ ਸੰਸਥਾਈ ਪ੍ਰਬੰਧ ਅਤੇ ਉਸਦੇ ਸੰਚਾਲਕਾਂ ਦਾ ਸਿੱਖ ਧਰਮ ਦੇ ਜਮਹੂਰੀ ਪੱਖ ਨਾਲੋਂ ਟੁੱਟ ਕੇ ਸਿੱਖ-ਬ੍ਰਾਹਮਣਵਾਦ ਵਿਚ ਪਰਿਵਰਤਤ ਹੋਣ ਆਦਿ ਕਾਰਣਾਂ ਨੇ ਛੋਟੀ ਤੇ ਦਰਮਿਆਨੀ ਕਿਸਾਨੀ ਦੀ ਮਨੋਅਵਸਥਾ ਵਿਚ ਉਨ੍ਹਾਂ ਪ੍ਰਤਿ ਘਿਰਣਾ ਦਾ ਅਮਲ ਸ਼ੁਰੂ ਕਰ ਦਿੱਤਾ ਹੈ। 'ਡੁੰਮ੍ਹ' ਦੇ ਤੇਜੂ ਦੁਆਰਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਾਰੇ ਕਹੇ ਗਏ ਸ਼ਬਦ ਇਸ ਘਿਰਣਾ ਦਾ ਪ੍ਰਗਟਾਵਾ ਕਰਦੇ ਹਨ, "ਠੱਗ ਈ ਠੱਗਾਂ ਦਾ। ਵੱਡਾ ਕੰਜਰ, ਨਿਊਣੀਆਂ ਵੇਖ, ਪਰ ਭਾ, ਨਿਉਵੇਂ ਨਾ ਤਾਂ ਪੱਟਾਂ ਤੋਂ ਕਿਵੇਂ ਚੁੱਕੇ ਅਗਲੇ ਨੂੰ।"[59] ਇਥੇ, ਤੇਜੂ ਗੁਰਮਤ ਦੀ ਧਾਰਨਾ 'ਅਪਰਾਧੀ ਦੂਣਾ ਨਿਵੈ, ਜੋ ਹੰਤਾ ਮਿਰਗਾਇ' ਦੇ ਤੱਤ ਸਾਰ ਨੂੰ ਲੋਕ-ਬੋਧ ਵਜੋਂ ਪ੍ਰਧਾਨ ਸੁਲੱਖਣ ਸਿੰਘ ਦੇ ਸੰਦਰਭ ਵਿਚ ਵਰਤ ਕੇ ਉਸਦੇ ਜਨ-ਵਿਰੋਧੀ ਚਰਿੱਤਰ ਵੱਲ ਸੰਕੇਤ ਕਰਦਾ ਹੈ।[60]

ਅਸਲੀਅਤ ਇਹ ਹੈ ਕਿ ਰੱਬ ਅਤੇ ਧਰਮ ਆਦਿ ਦੇ ਸੰਕਲਪ ਸੱਤਾ 'ਤੇ ਕਾਬਜ਼ ਧਿਰ ਦਾ ਹਥਿਆਰ ਬਣ ਗਏ ਹਨ ਜਿਸ ਦੀ ਮਦਦ ਨਾਲ ਧਾਰਮਕ ਆਗੂ ਲੋਕਾਂ ਦਾ ਸ਼ੋਸ਼ਣ ਕਰਦੇ ਹਨ। ਸੰਧੂ ਦੀਆਂ ਕਹਾਣੀਆਂ ਵਿਚ ਅਜਿਹੇ ਬਹੁਤ ਸਾਰੇ ਵੇਰਵੇ ਮਿਲਦੇ ਹਨ। 'ਗੁਰਮੁਖ ਸਿੰਘ'[61] ਵਿਚ ਗੁਰਮੁਖ ਸਿੰਘ ਗੁਰਦਵਾਰੇ ਦਾ ਪ੍ਰਧਾਨ ਹੈ, ਪਰ ਕਹਾਣੀ ਦੇ ਨਿਮਨ ਕਿਸਾਨੀ ਦੇ ਪ੍ਰਤਿਨਿੱਧ ਪਾਤਰ ਨਾਲ ਉਸਦਾ ਵਿਹਾਰ ਇਕ ਜਾਗੀਰੂ ਕਿਰਦਾਰ ਵਾਲੇ ਸ਼ੋਸ਼ਕ ਦਾ ਹੈ, ਉਂਜ ਉਹ ਧਾਰਮਿਕ ਹੋਣ ਦਾ ਦੰਭੀ ਮੁਖੌਟਾ ਵੀ ਪਹਿਨੀ ਫਿਰਦਾ ਹੈ। ਇਹੋ ਕਾਰਣ ਹੈ ਕਿ ਨਿਮਨ ਕਿਸਾਨੀ ਨਾਲ ਜੁੜੇ ਪਾਤਰ ਜਦੋਂ

ਅੱਤ ਦੇ ਵਿਰੋਧੀ ਹਾਲਾਤ ਵਿਚੋਂ ਗੁਜ਼ਰ ਰਹੇ ਹੁੰਦੇ ਹਨ ਤਾਂ ਉਨ੍ਹਾਂ ਲਈ ਰੱਬ ਢਾਰਸ ਦੇਣ ਵਾਲੀ ਧਿਰ ਬਣਨ ਦੀ ਥਾਂ ਵਿਰੋਧੀ ਧਿਰ ਦਾ ਸਹਾਇਕ ਨਜ਼ਰ ਆਉਂਦਾ ਹੈ। 'ਸੁਨਹਿਰੀ ਕਿਣਕਾ' ਵਿਚ ਫੌਜੂ ਨੂੰ ਰੱਬ 'ਲਾਪ੍ਰਵਾਹ' ਨਜ਼ਰ ਆਉਂਦਾ ਹੈ ਤੇ ਉਸਨੂੰ ਰੱਬ ਤੋਂ ਕਿਸੇ ਇਨਸਾਫ਼ ਦੀ ਆਸ ਨਹੀਂ, ਕਿਉਂਕਿ ਉਹ ਤਕੜਿਆਂ ਦੀ ਧਿਰ ਹੈ।[62] ਅਜਿਹੀ ਪੀੜਤ ਅਵਸਥਾ ਵਿਚ ਉਸ ਨੇ ਅਜਿਹੇ ਰੱਬ ਨੂੰ ਨਮਸਕਾਰ ਕੀ ਕਰਨੀ ਹੈ, ਉਹ ਵਿਰੋਧੀ ਧਿਰ ਸਮਝ ਕੇ ਰੱਬ ਲਈ ਮੰਦੇ ਬੋਲ ਹੀ ਬੋਲਦਾ ਹੈ, ''ਕਸਮ ਨਾਲ ਮੇਰਾ ਜੀਅ ਕਰਦੇ ਰੱਬ ਤੇ ਸਰਕਾਰ ਨੂੰ ਸਾਹਮਣੇ ਖਲ੍ਹਾਰ ਕੇ ਦੋਹਾਂ ਵਿਚੋਂ ਥ੍ਰੀ ਨਟ ਥ੍ਰੀ ਦੀ ਗੋਲੀ ਕੱਢਦਾਂ . . . ਮਖੌਲ ਬਣਾਇਆ ਕੰਜਰਾਂ, ਸਾਲਿਆਂ ਮੇਰਿਆ।''[63] ਇੰਜ ਅਸੀਂ ਵੇਖਦੇ ਹਾਂ ਕਿ ਕਿਸਾਨੀ ਜਦੋਂ ਵੀ ਸੰਕਟ ਦੀ ਅਵਸਥਾ ਵਿਚ ਹੁੰਦੀ ਹੈ ਤਾਂ ਰੱਬ ਤੇ ਧਰਮ ਨਾਲ ਉਸਦਾ ਰਿਸ਼ਤਾ ਡਾਢਾ ਅਣਸੁਖਾਵਾਂ ਹੋ ਜਾਂਦਾ ਹੈ।

ਜਦੋਂ ਅਸੀਂ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਪਰਿਵਾਰਕ ਅਤੇ ਸਮਾਜਕ ਰਿਸ਼ਤਿਆਂ ਦੇ ਤਾਣੇ-ਬਾਣੇ ਦਾ ਅਧਿਐਨ ਕਰਦੇ ਹਾਂ ਤਾਂ ਬੜੇ ਸਪਸ਼ਟ ਰੂਪ ਵਿਚ ਪ੍ਰਗਟ ਹੁੰਦਾ ਹੈ ਕਿ ਬਦਲ ਰਹੇ ਮੰਡੀ ਕੀਮਤਾਂ ਵਾਲੇ ਆਰਥਕ ਦ੍ਰਿਸ਼ ਵਿਚ ਮਾਨਵੀ ਰਿਸ਼ਤੇ ਦਿਨੋ ਦਿਨ ਵਿਰੂਪਤ ਹੁੰਦੇ ਜਾ ਰਹੇ ਹਨ। ਇਨ੍ਹਾਂ ਵਿਚੋਂ ਪਰੰਪਰਾ ਵਾਲਾ ਮੋਹ ਅਤੇ ਨਿੱਘ ਗਾਇਬ ਹੋ ਰਿਹਾ ਹੈ ਤੇ ਇਸਦੀ ਥਾਂ ਨਫ਼ਰਤ, ਗੁੱਸੇ, ਨਿਰਲੱਜਤਾ ਅਤੇ ਬੇਵਫ਼ਾਈ ਦਾ ਬੋਲ ਬਾਲਾ ਹੋ ਰਿਹਾ ਹੈ : ''ਪੂੰਜੀਵਾਦੀ ਕੀਮਤਾਂ ਦੇ ਪ੍ਰਵੇਸ਼ ਦੇ ਪਹਿਲੇ ਪੜਾਅ ਉੱਤੇ ਜੇ ਸੰਗਠਿਤ ਭਾਈਚਾਰਾ ਟੁੱਟਦਾ ਦਿਖਾਈ ਦੇਂਦਾ ਹੈ ਤਾਂ ਇਸਦੇ ਅਗਲੇ ਪੜਾਅ 'ਤੇ ਪਹੁੰਚਣ ਨਾਲ ਪਹਿਲਾਂ ਪਰਿਵਾਰ ਅਤੇ ਫਿਰ ਮਨੁੱਖ ਆਪ ਹੀ ਟੁੱਟਦਾ-ਤਿੜਕਣਾ ਸ਼ੁਰੂ ਹੋ ਰਿਹਾ ਹੈ। ਉਸਦੀ ਮਨੁੱਖਤਾ ਗੁੰਮਦੀ ਗਵਾਚਦੀ ਜਾ ਰਹੀ ਹੈ।''[64]

ਉਸਦੀ ਕਹਾਣੀ ਵਿਚ ਰਾਜਨੀਤਿਕ ਚੇਤਨਾ, ਕਿਸਾਨੀ ਸਮਾਜ, ਧਾਰਮਿਕਤਾ, ਪੰਜਾਬ ਸੰਕਟ ਆਦਿ ਦੀ ਪੇਸ਼ਕਾਰੀ ਤੋਂ ਇਲਾਵਾ ਬਦਲਦੇ ਆਰਥਕ-ਸਮਾਜਕ ਪ੍ਰਸੰਗ ਕਾਰਣ ਰਿਸ਼ਤਿਆਂ ਵਿਚ ਪੈ ਰਹੀਆਂ ਤ੍ਰੇੜਾਂ ਦੀ ਪੇਸ਼ਕਾਰੀ ਨੂੰ ਪ੍ਰਮੁੱਖਤਾ ਹਾਸਿਲ ਹੋਈ ਹੈ। ਉਸ ਤੋਂ ਪੂਰਵਲੇ ਕਹਾਣੀਕਾਰਾਂ

ਸੇਖੋਂ ਅਤੇ ਵਿਰਕ ਦੀਆਂ ਕਹਾਣੀਆਂ ਨਾਲੋਂ ਉਸਦੀਆਂ ਕਹਾਣੀਆਂ ਵਸਤੂ ਅਤੇ ਦ੍ਰਿਸ਼ਟੀ ਦੇ ਪੱਖੋਂ ਇਕ ਸਪਸ਼ਟ ਫ਼ਰਕ ਨਜ਼ਰ ਆਉਂਦਾ ਹੈ। ਅਸਲ ਵਿਚ ਇਹ ਫ਼ਰਕ ਸਮੇਂ ਦਾ ਹੈ। ਪਹਿਲੇ ਲੇਖਕਾਂ ਨੇ ਆਪਣੇ ਦੌਰ ਵਿਚ ਆਈਆਂ ਤਬਦੀਲੀਆਂ ਨੂੰ ਫੜਨਾ ਸੀ ਤੇ ਸੰਧੂ ਨੇ ਆਪਣੇ ਦੌਰ ਵਿਚ ਆਈਆਂ ਨੂੰ। ਪਹਿਲੇ ਕਹਾਣੀਕਾਰਾਂ, ਵਿਸ਼ੇਸ਼ ਕਰਕੇ ਵਿਰਕ ਦੀਆਂ ਕਹਾਣੀਆਂ ਵਿਚ ਸੰਗਠਿਤ ਕਿਸਾਨ ਭਾਈਚਾਰੇ, ਜਾਤ-ਬਰਾਦਰੀ ਦੇ ਆਪਸੀ ਮਾਣ ਦਾ ਜ਼ਿਕਰ ਹੈ। ਹੌਲੀ-ਹੌਲੀ ਇਹ ਸੰਗਠਿਤ ਭਾਈਚਾਰਾ ਸੰਧੂ ਦੀਆਂ ਕਹਾਣੀਆਂ ਵਿਚ ਟੁੱਟਣਾ ਤੇ ਖੁਲ੍ਹਣਾ ਸ਼ੁਰੂ ਹੋ ਜਾਂਦਾ ਹੈ। ਉਸਦੀਆਂ ਕਹਾਣੀਆਂ ਵਿਚ ਸੰਗਠਿਤ ਭਾਈਚਾਰੇ ਦੇ ਟੁੱਟਣ ਦਾ ਦੁਖਾਂਤ ਪਿੱਛੇ ਰਹਿ ਗਿਆ ਹੈ ਤੇ ਭਾਈਚਾਰੇ ਤੋਂ ਵੀ ਅੱਗੇ ਪਰਿਵਾਰਾਂ ਦੇ ਟੁੱਟਣ-ਤਿੜਕਣ ਦੀ ਪ੍ਰਕ੍ਰਿਆ ਸ਼ੁਰੂ ਹੁੰਦੀ ਹੈ। ‘‘ਵਰਿਆਮ ਸਿੰਘ ਸੰਧੂ ਦੇ ਕਥਾ-ਜਗਤ ਵਿਚ ਪਰਿਵਾਰਿਕ-ਭਾਈਚਾਰਕ ਪ੍ਰਬੰਧ ਵਿਚੋਂ ਉਪਜੀ ਸ਼ੈਤਾਨੀਅਤ ਅਤੇ ਰਾਜਨੀਤਿਕ ਆਰਥਕ ਇਤਹਾਸ ਸਾਖੇਪ ਹੈਵਾਨੀਅਤ ਤੇ ਇਕੋ ਵੇਲੇ ਫੋਕਸ ਉਸਦੀ ਬਿਰਤਾਂਤਕਤਾ ਨੂੰ ਨਵਾਂ ਆਯਾਮ ਬਖਸ਼ਦਾ ਹੈ। ਉਸਦਾ ਬਿਰਤਾਂਤਕ ਮੂਡ ਇਨਸਾਨੀਅਤ, ਸ਼ੈਤਾਨੀਅਤ ਅਤੇ ਹੈਵਾਨੀਅਤ ਨਾਲ ਸਦੀਵੀ ਤੇ ਕਦੀਮੀ ਲੜਾਈ ਨੂੰ ਇਕ ਫ਼ਾਸਲੇ ਤੋਂ ਨਿਹਾਰਦਾ ਅਤੇ ਇਸਦੇ ਸਮਕਾਲੀ ਮੁਹਾਵਰੇ ਅਤੇ ਸਾਰ ਅਨੁਕੂਲ ਗ੍ਰਹਿਣ ਕੀਤੇ ਰੂਪ ਨੂੰ ਧੁਰ ਅੰਦਰੋਂ ਪਹਿਚਾਣਦਾ ਹੈ। ਅਧੀਨਗੀ ਦੇ ਤਰਕ ਅਤੇ ਵਿਹਾਰ ਦੀ ਉਸਨੂੰ ਪੂਰੀ ਸੋਝੀ ਹੈ। ਪੂੰਜੀਵਾਦੀ ਕੀਮਤਾਂ ਦੇ ਪਨਪਣ ਨਾਲ ਜੀਵਨ ਦੇ ਸਮੁੱਚੇ ਫ਼ਲਕ ਵਿਚ ਵਾਪਰੇ ਪਰਿਵਰਤਨ ਤੇ ਫੋਕਸੀਕਰਨ ਲਈ ਉਹ ਵਡੇਰੇ ਮਸਲੇ ਚੁਣਨ ਦੀ ਥਾਂ ਆਮ ਸਾਧਾਰਨ ਮਨੁੱਖ ’ਤੇ ਫੋਕਸ ਕਰਦਾ ਹੈ ਅਤੇ ਉਸਦੇ ਤ੍ਰਾਸਦਿਕ ਪਾਸਾਰਾਂ ਹੇਠ ਕੰਮ ਕਰਦੀਆਂ ਇਨ੍ਹਾਂ ਦੰਭੀ, ਸਵਾਰਥੀ, ਮੌਕ ਪ੍ਰਸਤ ਮਾਰੂ ਰੁਚੀਆਂ ਦੀ ਪਹਿਚਾਣ ਕਰਵਾ ਜਾਂਦਾ ਹੈ।’’[65]

‘ਆਪਣਾ ਆਪਣਾ ਹਿੱਸਾ’, ‘ਭੱਜੀਆਂ ਬਾਹੀਂ’, ‘ਵਾਪਸੀ’, ‘ਸੁਨਹਿਰੀ ਕਿਣਕਾ’ ਤੇ ‘ਅੰਗ ਸੰਗ’ ਵਿਚ ਟੁੱਟਦੇ ਪਰਿਵਾਰਾਂ ਤੇ ਤਿੜਕਦੇ ਰਿਸ਼ਤਿਆਂ ਦਾ ਜ਼ਿਕਰ ਵੀ ਹੈ ਅਤੇ ਪਰਿਵਾਰਕ ਜੀਆਂ

ਦੇ ਆਪਸੀ ਵਿਹਾਰ ਵਿਚੋਂ ਦੰਭੀ, ਸਵਾਰਥੀ ਰੁਚੀਆਂ ਦੀ ਪਹਿਚਾਣ ਵੀ ਹੁੰਦੀ ਹੈ। ਸੇਖੋਂ ਅਤੇ ਵਿਰਕ ਦੀ ਕਹਾਣੀ ਨਾਇਕਾਂ ਦੀ ਕਹਾਣੀ ਹੈ। ਪਰ ਸੰਧੂ ਦੀ ਕਹਾਣੀ ਵਿਚ ਇਹ ਨਾਇਕ ਪਾਤਰ ਵਿਚ ਤਬਦੀਲ ਹੋ ਗਿਆ। ਉਹ ਭਾਈਚਾਰੇ ਜਾਂ ਬਰਾਦਰੀ ਦਾ ਸਰਪ੍ਰਸਤ ਜਾਂ ਠੇਕੇਦਾਰ ਨਹੀਂ ਰਹਿ ਗਿਆ। ਉਸਨੂੰ ਦੂਸਰਿਆਂ ਦੇ ਦੁੱਖ ਦੀ ਚਿੰਤਾ ਨਹੀਂ ਸਗੋਂ ਆਪਣੀਆਂ ਫਾਹੀਆਂ ਤੋਂ ਮੁਕਤ ਹੋਣ ਦੀ ਤਿਲਮਿਲਾਹਟ ਹੈ। ਵਿਰਕ ਦੀਆਂ ਕਹਾਣੀਆਂ ਦੇ ਨਾਇਕ ਸੁਹਿਰਦ ਹਨ ਅਤੇ ਆਪਣੇ ਭਾਈਚਾਰੇ ਲਈ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਤਪਰ ਹਨ, ਪਰ ਸੰਧੂ ਦੀਆਂ ਕਹਾਣੀਆਂ ਵਿਚ ਪਾਤਰ ਪਰ-ਹਿਤ ਦੀ ਥਾਂ ਸ੍ਵੈ-ਹਿਤ ਨਾਲ ਜੁੜੇ ਹੋਏ ਹਨ। ਉਸਦੀਆਂ ਕਹਾਣੀਆਂ ਵਿਚ ਭੈਣ-ਭਰਾ, ਭਰਾ-ਭਰਾ, ਪਿਉ-ਪੁੱਤ ਦੇ ਤਿੜਕਦੇ ਰਿਸ਼ਤੇ ਵੀ ਪੇਸ਼ ਹੋਏ ਹਨ, ‘‘ਅਸਲ ਵਿਚ ਵਿਰਕ ਦੇ ਸਮੇਂ ਜਾਗੀਰੂ ਕੀਮਤਾਂ ਤਿੜਕ ਰਹੀਆਂ ਸਨ। ਉਸ ਵੇਲੇ ਪੂੰਜੀਵਾਦੀ ਕੀਮਤਾਂ ਸਾਡੇ ਜੀਵਨ ਵਿਚ ਪ੍ਰਵੇਸ਼ ਕਰ ਰਹੀਆਂ ਸਨ ਤੇ ਆਪਣਾ ਅਗਾਂਹਵਧੂ ਰੋਲ ਅਦਾ ਕਰ ਰਹੀਆਂ ਸਨ। ਮੇਰੀਆਂ ਕਹਾਣੀਆਂ ਲਿਖਣ ਸਮੇਂ ਤੱਕ ਪਹੁੰਚਦਿਆਂ ਪੂੰਜੀਵਾਦੀ ਕੀਮਤਾਂ ਨੇ ਬੰਦੇ ਨੂੰ ‘ਪੈਸੇ ਦਾ ਪੁੱਤ’ ਬਣਾ ਦਿੱਤਾ ਅਤੇ ਇਸ ਦੌਰ ਵਿਚ ਉਹ ਆਪਣੇ ਖੂਨ ਦੇ ਰਿਸ਼ਤਿਆਂ ਤੋਂ ਵੀ ਮੁਨਕਰ ਹੋਣ ਲੱਗਾ।’’[66]

ਮਨੁੱਖੀ ਰਿਸ਼ਤਿਆਂ ਦੇ ਅਸਹਿਜ ਹੋਣ ਦੀ ਕਹਾਣੀ ਦਾ ਸਿਖਰਲਾ ਪ੍ਰਗਟਾਵਾ ਸੰਧੂ ਦੀ ਕਹਾਣੀ ‘ਅੰਗ ਸੰਗ’ ਵਿਚ ਵੇਖਿਆ ਜਾ ਸਕਦਾ ਹੈ। ਪਰਿਵਾਰ ਦਾ ਮੁੱਖੀ ਕਰਤਾਰ ਸਿੰਘ ਆਪਣੇ ਸੁਭਾਅ ਦੀਆਂ ਜਾਗੀਰੂ ਖ਼ਾਮੀਆਂ ਕਰਕੇ ਆਪਣੀ ਜ਼ਮੀਨ ਗਹਿਣੇ ਪਾਉਣੀ ਸ਼ੁਰੂ ਕਰ ਦੇਂਦਾ ਹੈ ਤੇ ਨਸ਼ਿਆਂ ਦਾ ਆਦੀ ਹੋ ਜਾਣ ਕਰਕੇ ਪਰਿਵਾਰ ਲਈ ਵੀ ਨਮੋਸ਼ੀ ਦਾ ਕਾਰਣ ਬਣਦਾ ਹੈ। ਕਰਤਾਰ ਸਿੰਘ ਦੀ ਮੌਤ ਤੋਂ ਬਾਅਦ ਜਦ ਸਾਰਾ ਪਰਿਵਾਰ ਇਕੱਠਾ ਹੋ ਕੇ ਬੈਠਦਾ ਹੈ ਤਾਂ ਮੁੱਖ ਪਾਤਰ ਅਮਰੀਕ ਨੂੰ ਆਪਣੇ ਪਰਿਵਾਰ ਦੇ ਜੀਆਂ ਕੋਲੋਂ ਪਿਤਾ ਵਲੋਂ ਚੁੱਕੇ ਕਰਜ਼ਿਆਂ ’ਤੇ ਗਹਿਣੇ ਪਈ ਜ਼ਮੀਨ ਦਾ ਪਤਾ ਲਗਦਾ ਹੈ ਤਾਂ ਉਹ ਕਹਿੰਦਾ ਹੈ, ‘‘ਇਸ ਹਿਸਾਬ ਨਾਲ ਤਾਂ ਜਿਹੜੀ ਦੋ ਕਿੱਲੇ ਬਚਦੀ ਸੀ, ਜੇ ਜਿਉਂਦਾ ਰਹਿੰਦਾ ਤਾਂ ਉਹ ਵੀ ਗਹਿਣੇ ਪੈ ਜਾਣੀ ਸੀ।’’ . . . ਮੈਂ ਤਾਂ ਆਹਨਾ ਭਾਜੀ ਅਜੇ ਵੀ ਵੇਲੇ

ਸਿਰ ਮਰ ਗਿਆ। ਚੰਗਾ ਈ ਹੋਇਆ ਇਹ ਵੀ।''[67] ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਸਮਾਜਕ-ਮਨੁੱਖੀ ਰਿਸ਼ਤਿਆਂ ਵਿਚ ਬਣ ਰਹੀਆਂ ਪੈਸਾ ਪ੍ਰਧਾਨ ਕੀਮਤਾਂ ਨੂੰ ਪੇਸ਼ ਕਰਦੀਆਂ ਹਨ ਤੇ ਇਨ੍ਹਾਂ ਕੀਮਤਾਂ ਦੇ ਅਮਾਨਵਕਾਰੀ ਪ੍ਰਭਾਵਾਂ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ, ''ਇਸ ਪ੍ਰਸੰਗ ਵਿਚ ਵਰਿਆਮ ਸਿੰਘ ਸੰਧੂ ਪੇਂਡੂ ਭਾਈਚਾਰੇ ਦੇ ਉਸ ਸਮੁੱਚੇ ਅੰਦਰਲੇ ਹੁੱਸੜ ਤੇ ਰਿਸ਼ਤਿਆਂ ਦੇ ਖੋਖਲੇਪਨ ਦਾ ਪ੍ਰਭਾਵ ਉਸਾਰਦਾ ਹੈ ਜਿਸ ਦੇ ਅੰਦਰ ਮਨੁੱਖ ਦੀ ਭਾਵੁਕ ਪੂਰਤੀ ਲਈ ਦੋ ਹੀ ਰਾਹ ਖੁੱਲ੍ਹਦੇ ਹਨ ; ''ਪੈਸਾ ਵੱਧ ਹੋਵੇ ਤਾਂ ਅੱਯਾਸ਼ੀ ਦਾ, ਪੈਸਾ ਥੁੜ੍ਹ ਜਾਵੇ ਤਾਂ ਸਮਾਜਕ ਕਰੱਤਵ ਤੋਂ ਪਲਾਇਨ ਦਾ। ਦੋਹਾਂ ਹਾਲਤਾਂ ਵਿਚ ਮਨੁੱਖ ਆਪਣੇ ਸਮਾਜਕ ਕਰਤੱਵ ਤੋਂ ਵਿਛੁੰਨਦਾ, ਆਪਣੀ ਮਾਨਵਤਾ ਤੋਂ ਟੁੱਟਦਾ, ਅੰਦਰੋਂ-ਅੰਦਰ ਭੁਰਦਾ ਅਤੇ ਖੁਰਦਾ ਹੈ।''[68]

ਸਾਧਨਹੀਣਤਾ ਮਨੁੱਖ ਅੰਦਰੋਂ ਮਾਨਵਤਾ ਸੁਕਾ ਦੇਂਦੀ ਹੈ, ਰਿਸ਼ਤਿਆਂ ਵਿਚਲਾ ਸਨੇਹ ਖ਼ਤਮ ਕਰ ਦੇਂਦੀ ਹੈ, ਮਾਨਵੀ ਹਮਦਰਦੀ ਨੂੰ ਖੋਰ ਦੇਂਦੀ ਹੈ। ਸਮੁੱਚੇ ਰਿਸ਼ਤੇ ਆਪਣਾ ਨਿੱਘ ਤੇ ਖਿੱਚ ਗਵਾ ਬੈਠਦੇ ਹਨ। ਪਦਾਰਥਕ ਖਿੱਚਾਂ ਪਰਿਵਾਰਕ ਰਿਸ਼ਤਿਆਂ ਨੂੰ ਤਕੜੇ-ਮਾੜੇ ਦੀਆਂ ਧਿਰਾਂ ਵਿਚ ਦੁਸ਼ਮਣ ਵਾਂਗ ਵੰਡ ਦੇਂਦੀਆਂ ਹਨ। 'ਵਾਪਸੀ' ਵਿਚ ਸੰਤਾ ਸਿੰਘ ਤੇ ਉਸਦਾ ਭਰਾ, 'ਭੱਜੀਆਂ ਬਾਹੀਂ' ਵਿਚ ਕੇਵਲ ਤੇ ਉਸਦਾ ਭਰਾ, 'ਆਪਣਾ ਆਪਣਾ ਹਿੱਸਾ' ਵਿਚ ਭੈਣ ਤੇ ਦੋਵੇਂ ਭਰਾ ਅਤੇ ਘੁੱਦੂ ਦੇ ਵਿਰੋਧੀ ਜੁੱਟ ਰਿਸ਼ਤਿਆਂ ਦੇ ਵਿਖੰਡਤ ਹੋਣ ਦੀ ਪ੍ਰਮਾਣਿਕ ਉਦਾਹਰਣ ਹਨ। ਉਪਰਲੀ ਧਿਰ ਜਿੱਥੇ ਸਮਰਿੱਧ ਅਤੇ ਸਾਧਨਯੁਕਤ ਹੈ ਉਥੇ ਨਿਮਨ ਧਿਰ ਸਾਧਨਹੀਣ ਹੈ। ਇਹ ਸਾਧਨਹੀਣਤਾ ਉਨਾਂ ਨੂੰ ਸਮਾਜਕ-ਸਭਿਆਚਾਰਕ ਸ਼ਿਸ਼ਟਤਾ ਦਾ ਮੁਖੌਟਾ ਲਾਹ ਦੇਣ ਲਈ ਮਜਬੂਰ ਕਰ ਦੇਂਦੀ ਹੈ ਤੇ ਉਨ੍ਹਾਂ ਅੰਦਰਲਾ ਕਰੋਧ ਤੇ ਨਫ਼ਰਤ ਰੁੱਖੇ ਬੋਲਾਂ ਵਿਚ ਹੂੰਗਰ ਪੈਂਦੇ ਹਨ। ਸੰਤਾ ਸਿੰਘ (ਵਾਪਸੀ) ਤਾਂ ਪਰਿਵਾਰਕ ਰਿਸ਼ਤਿਆਂ ਦੇ ਤਣਾਉ ਕਾਰਣ ਪਰਿਵਾਰ ਤਿਆਗ ਦੇਂਦਾ ਹੈ ਪਰ ਕੇਵਲ (ਭੱਜੀਆਂ ਬਾਹੀਂ) ਤਾਂ ਆਪਣੇ ਪੂਰੇ ਰੋਹ ਨਾਲ ਧੱਕਾ ਤੇ ਧੋਖਾ ਕਰਨ ਵਾਲੇ ਭਰਾਵਾਂ ਦੀ ਚਲਾਕੀ ਨੂੰ ਤਾੜ

ਲੈਂਦਾ ਹੈ ਤੇ ਇਸਦੇ ਵਿਰੋਧ ਵਿਚ ਖੜਾ ਹੋ ਜਾਂਦਾ ਹੈ। ਰਿਸ਼ਤਿਆਂ ਵਿਚਲਾ ਪਾੜਾ ਲੋਕਾਈ ਲਈ ਤਮਾਸ਼ਾ ਬਣ ਜਾਂਦਾ ਹੈ।

ਅਜਿਹੀ ਸਥਿਤੀ ਵਿਚ ਭਾਈਚਾਰਾ ਤਾਂ ਟੁੱਟਣਾ-ਤਿੜਕਣਾ ਹੀ ਹੋਇਆ, ਪਰਿਵਾਰਕ ਰਿਸ਼ਤੇ ਵੀ ਟੁੱਟਦੇ-ਟੁੱਟਦੇ ਇਸ ਸਥਿਤੀ ਵਿਚ ਪਹੁੰਚ ਜਾਂਦੇ ਹਨ ਕਿ ਬੰਦਾ ਹੀ ਟੁੱਟ ਜਾਂਦਾ ਹੈ। ਅਜਿਹੇ ਅੰਦਰੋਂ-ਬਾਹਰੋਂ ਟੁੱਟੇ ਪਾਤਰਾਂ ਨੂੰ ਜ਼ਿੰਦ.ਗੀ ਬੇਅਰਥ ਤੇ ਫਜ਼ੂਲ ਲੱਗਣ ਲੱਗ ਜਾਂਦੀ ਹੈ। ਮਿਸਾਲ ਵਜੋਂ 'ਸੁਨਹਿਰੀ ਕਿਣਕਾ' ਵਿਚ ਖੁੰਢਾ ਦਾਤਰ ਹੱਥ ਵਿਚ ਲਈ ਮੌਤ ਮੰਗਦੇ ਫਿਰਦੇ ਫੌਜੂ ਦੇ ਸੰਤਾਪ ਦਾ ਇਕ ਪਾਸਾਰ ਭਾਵੇਂ ਉਸਦੇ .ਗਰੀਬ ਕਿਸਾਨ ਦੇ ਘਰ ਪੈਦਾ ਹੋਣ ਤੇ ਕਰਜ਼ੇ ਦੇ ਭਾਰ ਥੱਲੇ ਦਰੜੇ ਹੋਣ ਕਾਰਣ ਛੜੇ ਰਹਿ ਜਾਣ ਦੇ ਤੱਥ ਨਾਲ ਜੁੜਿਆ ਹੋਇਆ ਹੈ, ਪਰ ਉਹ ਜਿਨ੍ਹਾਂ ਸਥਿਤੀਆਂ ਦਾ ਭਟਕਾਇਆ ਹੋਇਆ ਮੌਤ ਭਾਲ ਰਿਹਾ ਹੈ ਉਸ ਵਿਚ ਭਰਾ, ਭਰਜਾਈ, ਭਤੀਜਿਆਂ ਤੇ 'ਆਪਣੇ ਪੁੱਤਰ' ਹੱਥੋਂ ਹੋਏ ਨਿਰਾਦਰ ਅਤੇ ਅਨਿਆਂ ਦੀ ਇਕ ਪੋਂਹਦੀ ਪੀੜ ਹੈ। ਉਸਦੇ ਭਰਾ ਭਰਜਾਈ ਤੇ ਭਤੀਜਿਆਂ ਵੱਲੋਂ ਰਚੇ ਦੰਭ, ਸਵਾਰਥ ਅਤੇ ਸਾਜ਼ਸ਼ ਨੇ ਉਸ ਨੂੰ ਜਾਇਦਾਦ ਖੋਹ ਆਤੁਰ ਕਰ ਦਿੱਤਾ ਹੈ, ਜਿਊਂਦਿਆਂ ਮਾਰ ਦਿੱਤਾ ਹੈ, ਉਸਦੀ ਹੋਂਦ ਨਿਰਾਰਥਕ ਬਣਾ ਦਿੱਤੀ ਹੈ।''[69]

'ਆਪਣਾ ਆਪਣਾ ਹਿੱਸਾ' ਵਿਚ ਭੈਣ ਆਪਣੇ ਵੱਡੇ ਭਰਾਵਾਂ ਨਾਲ ਇਸ ਕਰਕੇ ਨੇੜ ਕਰਦੀ ਤੇ ਉਨ੍ਹਾਂ ਦੀ 'ਵਕੀਲਣੀ' ਬਣਦੀ ਹੈ ਤਾਂ ਸਿਰ.ਫ ਇਸ ਲਈ ਕਿ ਉਸਨੂੰ ਘੁੱਦੂ ਕੋਲੋਂ ਕੁਝ ਵੀ ਮਿਲਣ ਦੀ ਉਮੀਦ ਨਹੀਂ ਜਦਕਿ ਖਾਂਦੇ-ਪੀਂਦੇ ਦੂਸਰੇ ਭਰਾਵਾਂ ਕੋਲੋਂ ਆਰਥਕ ਲਾਭ ਹੁੰਦੇ ਰਹਿਣ ਦੀ ਸੰਭਾਵਨਾ ਹੈ। ਪਰਿਵਾਰ ਦਾ ਮੁਖੀ ਪਿਤਾ ਆਪਣੇ ਵੱਡੇ ਪੁੱਤਰ ਦੇ ਪ੍ਰਭਾਵ ਅਧੀਨ ਇਸ ਹੱਦ ਤੱਕ ਦੱਬਿਆ ਹੋਇਆ ਹੈ ਕਿ ਉਸਨੂੰ ਉਹ ਪੁੱਤ ਲੱਗਣ ਦੀ ਥਾਂ 'ਤਹਿਸੀਲਦਾਰ' ਲੱਗਦਾ ਹੈ। ਉਹ ਉਸਨੂੰ ਬੁਲਾਉਣ ਲੱਗਿਆਂ ਵੀ ਪਿਤਾ ਵੱਲੋਂ ਪੁੱਤ ਨੂੰ ਬੁਲਾਏ ਜਾਣ ਵਾਲੇ ਮੋਹ ਤੋਂ ਮੁਕਤ 'ਇਕ ਵਚਨ' ਜਾਂ 'ਬਹੁ ਵਚਨ' ਵਿਚ ਬੁਲਾਉਣ ਦੀ ਦੁਬਿਧਾ ਵਿਚ ਫਸਿਆ ਹੋਇਆ ਹੈ। ਦੂਜੇ ਪਾਸੇ ਘੁੱਦੂ ਲਈ ਵੀ ਭੈਣ-ਭਰਾਵਾਂ ਦੇ ਰਿਸ਼ਤੇ ਮੋਹ-ਮੁਹੱਬਤ ਦੀ ਥਾਂ 'ਪੈਸੇ ਦੇ ਹੋ ਜਾਣ ਕਰਕੇ' ਉਸ ਲਈ ਰਿਸ਼ਤੇ

ਤਾਂ ਕੀ ਧਾਰਮਕ ਤੇ ਸਮਾਜਕ ਮਾਣ-ਮਰਯਾਦਾ ਵੀ ਅਰਥਹੀਣ ਹੋ ਜਾਂਦੀ ਹੈ। ਮਾਂ ਦੇ ਮਰਨ 'ਤੇ ਭਰਾਵਾਂ ਦੀਆਂ ਵਧੀਕੀਆਂ ਤੋਂ ਦੁਖੀ ਉਹ ਮਾਂ ਦੇ ਫੁੱਲ ਗੰਗਾ ਪਾ ਕੇ ਆਉਣ ਦੇ ਭੈਣ-ਭਰਾਵਾਂ ਦੇ ਸਵਾਲ ਨੂੰ ਬੜੇ ਕਰੜੇ ਤੇ ਰੁੱਖੇ ਅੰਦਾਜ਼ ਵਿਚ ਕੱਟਦਾ ਹੈ। ਉਹ ਗੰਗਾ ਪਾ ਕੇ ਆਉਣ ਦੀ ਥਾਂ ਫੁਲਾਂ ਨੂੰ ਆਪਣੇ-ਆਪਣੇ ਹਿੱਸੇ ਵਿਚ ਵੰਡਣ ਤੱਕ ਦੀ ਮੰਗ ਰੱਖ ਦੇਂਦਾ ਹੈ। ਜਦੋਂ ਮਾਂ ਦੇ ਫੁੱਲ ਗੰਗਾ ਪਾ ਕੇ ਆਉਣ ਦਾ ਜ਼ਿਕਰ ਛਿੜਦਾ ਹੈ ਤਾਂ ਉਸਦਾ ਧੁਖਦਾ ਅੰਦਰ ਮੱਚ ਪੈਂਦਾ ਹੈ, "ਵੇਖੋ ਜੀ ਤੁਹਾਡੇ ਤੋਂ ਗੁੱਝੀ ਛਿਪੀ ਗੱਲ ਨ੍ਹੀਂ। ਆਪਾਂ ਆ ਮਰੇੜੇ। ਆਪਣੇ ਤੋਂ ਤਾਂ ਅਜੇ ਨ੍ਹੀਂ ਇਹ ਗੰਗਾ-ਗੁੰਗਾ ਪੁੱਗਦੀਆਂ। ਜੇ ਬਹੁਤੀ ਗੱਲ ਐ ਤਾਂ ਬੁੱਢੜੀ ਦੇ ਫੁੱਲ ਤੁਸੀਂ ਗੰਗਾ ਪਾ ਆਓ ਤੇ ਐਹ ਬੁੱਢੜਾ ਬੈਠਾ ਤੁਹਾਡੇ ਸਾਹਮਣੇ ਜਿਊਂਦਾ ਜਾਗਦਾ। ਇਹਦੇ ਮੈਂ ਕੱਲਾ ਈ ਗੰਗਾ ਪਾ ਆਊਂ। ਸੱਚੀ ਗੱਲ ਆ ਜੀ। ਅਜੇ ਆਪਣੀ ਪੁੱਜਤ ਨ੍ਹੀਂ। ਤੇ ਜੇ ਇਹ ਸੌਦਾ ਵੀ ਨ੍ਹੀਂ ਮਨਜ਼ੂਰ ਤਾਂ ਸਰਦਾਰ ਜੀ, ਔਹ ਕਿੱਲੀ 'ਤੇ ਮੇਰੇ ਤਿੱਜੇ ਹਿੱਸੇ ਦੇ ਫੁੱਲ ਲਿਆ ਕੇ ਟੰਗ ਦਿਓ ; ਜਦੋਂ ਮੇਰੀ ਪਹੁੰਚ ਪਈ ਮੈਂ ਆਪੇ ਪਾ ਆਊਂ।"[70]

'ਡੁੰਮ੍ਹ' ਕਹਾਣੀ ਵਿਚ ਤੇਜੂ ਬੀਮਾਰ ਹੈ। ਉਸਦਾ ਪੁੱਤਰ ਤਾਰਾ ਜਦੋਂ ਸ਼ਰੀਕਾਂ ਦੇ ਕਾਮੇ ਵਜੋਂ ਦੇਰ ਰਾਤ ਤੱਕ ਕੰਮ ਕਰਨ ਉਪਰੰਤ ਘਰ ਪਰਤਦਾ ਹੈ ਤਾਂ ਉਸਦੀ ਮਾਂ ਚਿੰਤੋ ਉਸਨੂੰ ਬੀਮਾਰ ਪਿਉ ਦਾ ਵਾਸਤਾ ਦੇਂਦੀ ਦੇਰ ਨਾਲ ਆਉਣ ਦਾ ਕਾਰਣ ਪੁੱਛਦੀ ਹੈ ਤਾਂ ਉਹ ਗੁੱਸੇ ਵਿਚ ਉੱਬਲਦਾ ਕਹਿੰਦਾ ਹੈ, "ਮੈਂ ਆਹਨਾ . . . ਤੂੰ ਬੱਸ ਵੀ ਕਰੇਂਗੀ ਕਿ ਬੜ ਬੜ ਕਰ . . . ਈ ਜੇਂਗੀ। ਵਢੂੰ ਵਢੂੰ ਕਰਦੀ ਆ ਮਾਲ ਅੰਦਰ ਕਰਕੇ ਈ ਆਉਂਦਾ। ਅਗਲੇ ਹਿੱਲਣ ਦੇਂਦੇ ਆ ਜਿੰਨਾ ਚਿਰ ਕੰਮ ਨਾ ਪੂਰਾ ਲੈ ਲੈਣ।. . ." ". . . ਆਹ ਤੇਰਾ ਕੁ ਲੱਗਦਾ ਬੀਮਾਰ ਹੋ ਗਿਆ। ਪੀੜ ਹੁੰਦੀ ਸੂ . . .।" "ਬੀਮਾਰ ਆ ਤੇ ਮੈਂ ਕੀ ਕਰਾਂ? ਆਹ ਤੇ . . . ਮੇਰੇ ਭਾ ਦਾ ਵਖਤ . . .।"[71]

ਇਸ ਕਹਾਣੀ ਦਾ ਪਾਤਰ ਤੇਜੂ 'ਅੰਗ ਸੰਗ' ਦੇ ਪਾਤਰ ਕਰਤਾਰ ਸਿੰਘ, 'ਸੁਨਹਿਰੀ ਕਿਣਕਾ' ਦੇ ਫੌਜੂ ਤੇ 'ਆਪਣਾ ਆਪਣਾ ਹਿੱਸਾ' ਦੇ ਘੁੱਦੂ ਵਾਂਗ ਹਾਰਿਆ ਹੋਇਆ ਮਨੁੱਖ ਹੈ ਜਿਸਦੀ ਪੀੜ

ਹੋਰ ਤਾਂ ਕੀ ਉਸਦੀ ਔਲਾਦ ਦੇ ਮਨ ਵਿਚ ਵੀ ਕੋਈ ਕਰੁਣਾ ਨਹੀਂ ਜਗਾਉਂਦੀ, "ਵਰਿਆਮ ਸਿੰਘ ਸੰਧੂ ਦਾ ਕਥਾ ਜਗਤ ਧਰਤੀ 'ਤੇ ਵਿਛੇ ਅਜਿਹੇ ਨਿਰਮੁਖ, ਨਿਰਵਿਸ਼ੇਸ਼ ਲੋਕਾਂ ਦੀ ਮੂਕ ਪੀੜਾ ਨਾਲ ਭਰਿਆ ਹੋਇਆ ਹੈ ਜਿਨ੍ਹਾਂ ਨੂੰ ਜ਼ਿੰਦ.ਗੀ ਨੇ ਮਨੁੱਖ ਹੋਣ ਦਾ ਅਵਸਰ ਹੀ ਨਹੀਂ ਦਿੱਤਾ। ਪਸ਼ੂਆਂ ਵਾਂਗ ਰਹਿਣਾ, ਵੱਢੂੰ ਖਾਊਂ ਕਰਨਾਂ ਇਨ੍ਹਾਂ ਬੰਦਿਆਂ ਦੇ ਹਿੱਸੇ ਆਇਆ ਹੈ। ਇਨ੍ਹਾਂ ਲੋਕਾਂ ਨੂੰ ਧਰਮ ਤੋਂ ਠਾਹਰ ਮਿਲਦੀ ਹੈ ਨਾ ਕਿਸੇ ਨਵੇਂ ਯੁੱਗ ਦੇ ਸੁਪਨੇ ਤੋਂ। ਇਨ੍ਹਾਂ ਦਾ ਜੀਵਨ ਮੌਤ ਵਰਗਾ ਤੇ ਮੌਤ ਮੁਕਤੀ ਵਰਗੀ।"[72]

ਪੰਜਾਬ ਦੀ ਕਿਸਾਨੀ ਦੇ ਪ੍ਰਮਾਣਿਕ ਦਸਤਾਵੇਜ਼ ਵਜੋਂ ਜਾਣੀਆਂ ਤੇ ਮੰਨੀਆਂ ਜਾਂਦੀਆਂ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਸਦੀ ਕਹਾਣੀ ਵਿਚ ਪਹਿਲੀ ਵਾਰ ਭਰਪੂਰ ਰੂਪ ਵਿਚ ਜੱਟ ਤੋਂ ਕੰਮੀ ਤੇ ਦਿਹਾੜੀਦਾਰ ਬਣ ਜਾਣ ਦੀ ਪ੍ਰਕ੍ਰਿਆ ਨੂੰ ਬੜੀ ਪ੍ਰਮਾਣਿਕਤਾ ਤੇ ਹੁਨਰਮੰਦੀ ਨਾਲ ਪੇਸ਼ ਕੀਤਾ ਗਿਆ ਹੈ। ਉਸਦੀਆਂ ਕਹਾਣੀਆਂ, "ਜੱਟ ਤੋਂ ਦਿਹਾੜੀਦਾਰ ਬਣਨ ਦੇ ਇਤਿਹਾਸਕ ਅਮਲ ਦਾ ਬੋਧ ਕਰਵਾਉਂਦੀਆਂ ਹਨ। ਇਤਿਹਾਸਕ ਵਰਤਾਰੇ ਦੇ ਇਸ ਅਨਿਵਾਰੀ ਪੜਾਅ ਉੱਪਰ 'ਜੱਟ' ਤੋਂ 'ਕਮੀਣ' ਬਣ ਰਹੀ ਛੋਟੀ ਕਿਰਸਾਣੀ ਹੀ ਸੰਧੂ ਦੀਆਂ ਕਹਾਣੀਆਂ ਦਾ ਕੇਂਦਰੀ ਧੁਰਾ ਹੈ।"[73] 'ਭੂੰਮ੍ਹ' ਵਿਚ ਤੇਜੂ ਦੀ ਜ਼ਮੀਨ ਇਸ ਕਦਰ ਸੁੰਗੜ ਗਈ ਹੈ ਕਿ ਉਸਦੇ ਪੁੱਤਰ ਤਾਰੇ ਨੂੰ ਸ਼ਰੀਕਾਂ ਦਾ ਕਾਮਾ ਬਣਨ ਲਈ ਮਜਬੂਰ ਹੋਣਾ ਪੈਂਦਾ ਹੈ। ਜਿੱਥੇ ਤਾਰਾ ਪਿੰਡ ਵਿਚ ਹੀ ਕੰਮੀ ਬਣ ਜਾਣ ਦੀ ਨਮੋਸ਼ੀ ਹੰਢਾ ਰਿਹਾ ਹੈ, ਉੱਥੇ 'ਕਿੱਥੇ ਗਏ' ਦਾ ਬਚਨਾ ਜ਼ਮੀਨ ਵਿਕ ਜਾਣ ਕਰਕੇ ਪਿੰਡ ਵਿਚ ਮਜ਼ਦੂਰੀ ਕਰਨ ਵਿਚ ਆਪਣੀ ਜਟਕੀ ਹਉਂ ਨੂੰ ਜ਼ਖ਼ਮੀ ਹੋਇਆ ਨਹੀਂ ਵੇਖਣਾ ਚਾਹੁੰਦਾ, ਇਸ ਕਰਕੇ ਸ਼ਹਿਰ ਜਾ ਕੇ ਮਜ਼ਦੂਰੀ ਕਰਨ ਨੂੰ ਤਿਆਰ ਹੈ। ਕਿਸਾਨੀ ਦੀਆਂ ਹੇਠਲੀਆਂ ਪਰਤਾਂ ਵਿਚ ਕਰਜ਼ੇ ਹੇਠ ਆ ਜਾਣ, ਜ਼ਮੀਨ ਗਹਿਣੇ ਪੈਣ ਜਾਂ ਵਿਕ ਜਾਣ ਕਰਕੇ ਬੇਬਸ ਕਿਸਾਨ ਕੰਗਾਲੀਕਰਣ ਦੀ ਪ੍ਰਕ੍ਰਿਆ ਵਿਚ ਪਿਆ ਹੋਇਆ ਹੈ ਤੇ ਜੱਟ ਮਾਲਕ ਤੋਂ ਦਿਹਾੜੀਦਾਰ ਬਣ ਜਾਣਾ ਉਸਦੀ ਇਤਿਹਾਸਕ ਤੇ ਅਨਿਵਾਰੀ ਹੋਣੀ ਹੈ। ਆਪਣੇ ਕਬਾਇਲੀ

ਅਭਿਮਾਨ ਦੇ ਜ਼ਖ਼ਮੀ ਹੋਣ ਦੀ ਪੀੜ ਉਨ੍ਹਾਂ ਦੇ ਨਾਲ-ਨਾਲ ਤੁਰਦੀ ਹੈ। ਜਾਗੀਰੂ ਰੁਚੀਆਂ ਦੀ ਰਹਿੰਦ-ਖੂੰਹਦ ਉਨ੍ਹਾਂ ਦੇ ਅਵਚੇਤਨ ਦਾ ਹਿੱਸਾ ਹੈ। ਉਨ੍ਹਾਂ ਨੂੰ ਦਰਜੇਬੰਦੀ ਵਾਲੀ ਜਮਾਤੀ ਪੌੜੀ ਤੋਂ ਇਕ ਡੰਡਾ ਹੋਰ ਥੱਲੇ ਆ ਡਿੱਗਣ ਦਾ ਵਿਗੋਚਾ ਵੀ ਹੈ। ਇਸੇ ਲਈ ਉਹ ਪੁਰਾਣੇ ਸਮਿਆਂ ਨੂੰ ਚੇਤੇ ਕਰਕੇ ਦੁਖੀ ਹੁੰਦੇ ਹਨ ਅਤੇ ਉਨ੍ਹਾਂ ਨੂੰ ਡਾਢੀ ਮਾਨਸਿਕ ਪੀੜਾ ਦੀ ਅਵਸਥਾ ਵਿਚੋਂ ਗੁਜ਼ਰਨਾ ਪੈਂਦਾ ਹੈ। 'ਡੁੰਮ੍ਹ' ਦਾ ਤਾਰਾ ਜਿੱਥੇ ਰਿਸ਼ਤਿਆਂ ਵਿਚਲੀ ਮੁਹੱਬਤ ਦਾ ਉਛਾੜ ਪਾੜ ਕੇ ਡੂੰਘੇ ਸੰਤਾਪ ਵਿਚੋਂ ਮਾਂ ਨੂੰ ਬੋਲ-ਕਬੋਲ ਬੋਲਦਾ ਹੈ ਉੱਥੇ 'ਕਿੱਥੇ ਗਏ' ਦਾ ਬਚਨਾ ਆਪਣੇ ਦਾਦੇ ਦੀ ਘੋੜੀ, ਸੂਰਮੇ ਚਾਚੇ ਸੁੱਚੇ ਦੀ ਮਰਦਾਨਗੀ ਯਾਦ ਕਰਕੇ ਵਿਚਲਿਤ ਹੁੰਦਾ ਰਹਿੰਦਾ ਹੈ ਤੇ ਆਖ਼ਰਕਾਰ ਨੀਮ ਪਾਗਲ ਅਵਸਥਾ ਵਿਚ ਪਹੁੰਚ ਜਾਂਦਾ ਹੈ।

ਵਰਿਆਮ ਸਿੰਘ ਸੰਧੂ ਜਿੱਥੇ ਕੰਗਾਲੀਕਰਣ ਦੀ ਪ੍ਰਕ੍ਰਿਆ ਵਿਚ ਪਏ ਸਾਧਨਹੀਣ ਕਿਸਾਨ ਦੀ ਮਾਨਸਿਕ ਪੀੜ ਦਾ ਹੁੰਗਾਰਾ ਭਰਦਾ ਹੈ, ਉੱਥੇ ਉਸਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਰਚਨਾ-ਦ੍ਰਿਸ਼ਟੀ ਦੀ ਪੱਧਰ 'ਤੇ ਇਸ ਸਭ ਕਾਸੇ ਨਾਲੋਂ ਵਿੱਥ ਸਿਰਜੀ ਰਖਦਾ ਹੈ ਤੇ ਭਾਵੁਕਤਾ ਤੋਂ ਮੁਕਤ ਹੋ ਕੇ ਜਚਵੀਂ-ਤੁਲਵੀਂ ਕਠੋਰਤਾ ਨਾਲ ਕੰਗਾਲੀਕਰਣ ਦੀ ਇਸ ਪ੍ਰਕ੍ਰਿਆ ਨੂੰ ਇਤਹਾਸਕ ਅਨਿਵਾਰਤਾ ਤੇ ਕਿਸਾਨੀ ਦੇ ਹੇਠਲੇ ਵਰਗਾਂ ਦੀ ਹੋਣੀ ਵਜੋਂ ਤਸਲੀਮ ਕਰਦਾ ਹੈ : "ਪੰਜਾਬ ਦੀ ਕਿਰਸਾਣੀ ਦੇ ਸੰਦਰਭ ਵਿਚ ਵਰਿਆਮ ਸਿੰਘ ਸੰਧੂ ਬਾਰੇ ਸਭ ਤੋਂ ਮਹੱਤਵਪੂਰਣ ਤੱਥ ਇਹ ਹੈ ਕਿ ਉਹ ਪੰਜਾਬ ਦੀ ਜੱਟ ਕਿਰਸਾਣੀ ਦੇ ਨਸਲੀ ਤੇ ਕਬਾਇਲੀ ਅਭਿਮਾਨ ਤੋਂ ਬਿਲਕੁਲ ਮੁਕਤ ਹੈ। ਆਰਥਕ ਤੇ ਸਮਾਜਕ ਪਰਿਵਰਤਨ ਪੇਂਡੂ ਕਿਰਸਾਣਾਂ ਦੇ ਪਰਸਪਰ ਰਿਸ਼ਤਿਆਂ ਅਤੇ ਕਦਰਾਂ-ਕੀਮਤਾਂ ਵਿਚ ਜੋ ਤਬਦੀਲੀ ਲਿਆ ਰਹੇ ਹਨ, ਵਰਿਆਮ ਸਿੰਘ ਸੰਧੂ ਉਨ੍ਹਾਂ ਨੂੰ ਸ਼੍ਰੈਣਿਕ ਵਡਿੱਤਣ ਜਾਂ ਹੀਣਤਾ ਦੀ ਕਿਸੇ ਪ੍ਰਕਾਰ ਦੀ ਭਾਵਨਾ ਤੋਂ ਬਿਨਾਂ ਅਭਿਵਿਅਕਤ ਕਰਦਾ ਹੋਇਆ ਉਨ੍ਹਾਂ ਦਾ ਵਿਵੇਕ ਉਸਾਰਦਾ ਹੈ।"[74]

'ਕਿੱਥੇ ਗਏ' ਦੇ ਬਚਨੇ ਦੀ ਜ਼ਮੀਨ ਖੁੱਸ ਜਾਣ ਤੋਂ ਬਾਅਦ ਵੀ ਜ਼ਮੀਨ ਨਾਲ ਸੰਬੰਧਿਤ ਬਹੁਤ

ਸਾਰੀਆਂ ਯਾਦਾਂ ਉਸਦੀ ਮਾਨਸਿਕਤਾ ਨੂੰ ਵਿਚਲਿਤ ਕਰਦੀਆਂ ਰਹਿੰਦੀਆਂ ਹਨ। ਉਹ ਸ਼ਹਿਰ ਮਜ਼ਦੂਰੀ ਕਰਨ ਗਿਆ ਵੀ ਬੀਤੇ ਦੇ ਸੁਪਨਿਆਂ ਵਿਚ ਗ਼ਲਤਾਨ ਰਹਿੰਦਾ ਹੈ। ਪਰ ਲੇਖਕ ਉਸਦੀ ਹਕੀਕੀ ਸਥਿਤੀ ਦਾ ਉਸਨੂੰ ਗਿਆਨ ਕਰਾਉਣ ਲਈ ਕਹਾਣੀ ਦਾ ਵਿਵੇਕ ਸਿਰਜਦੀ ਘਟਨਾ ਦਾ ਹਵਾਲਾ ਦੇਂਦਾ ਹੈ। ਘਟਨਾ ਉਸ ਵੇਲੇ ਦੀ ਹੈ ਜਦੋਂ ਬਚਨਾ ਸ਼ਹਿਰ ਦਿਹਾੜੀ ਕਰਨ ਗਿਆ 'ਡੂੰਨ-ਵੱਟਾ' ਬਣਕੇ ਖਲੋਤਾ ਹੈ ਤਾਂ ਉਸਦਾ ਯਾਰ ਸ਼ਿੰਗਾਰੀ ਉਸਨੂੰ ਹਕੀਕਤ ਨੂੰ ਪ੍ਰਵਾਨ ਕਰਨ ਲਈ ਸੰਗ, ਸ਼ਰਮ ਤੇ ਹੈਂਕੜ ਤਿਆਗਣ ਦੀ ਸਲਾਹ ਦੇਂਦਾ ਹੈ, ''ਸਰਦਾਰਾ ! ਐਂ ਗੁੰਗੇ ਬਣਿਆਂ ਨਹੀਂ ਸਰਨਾ ਸ਼ਹਿਰ 'ਚ। ਅਸੀਂ ਵੀ ਤਾਂ ਤੇਰੇ ਵਾਂਗੂੰ ਜੱਟਾਂ ਦੇ ਪੁੱਤ ਆਂ . . . ਸਾਨੂੰ ਵੀ ਪਹਿਲਾ ਭਾਜੀ ਬੜੀ ਸ਼ਰਮ ਆਉਂਦੀ ਸੀ ਪਈ ਜੱਟਾਂ ਦੇ ਪੁੱਤ ਹੋ ਕੇ ਰਿਕਸ਼ਾ ਚਲਾਉਂਦੈਂ। ਇਸ ਲਈ ਪਹਿਲਾਂ ਰਾਤ ਨੂੰ ਹਨੇਰੇ ਵਿਚ ਚਲਾਉਂਦਾ ਸਾਂ। ਫਿਰ ਜਦੋਂ ਵਟਣਾ ਚੜ੍ਹਿਆ ਤਾਂ ਹਨੇਰਾ ਛੱਡ ਕੇ ਚੜ੍ਹੇ ਸੂਰਜ, ਸਿਖ਼ਰ ਦੁਪਹਿਰੇ ਵੀ ਚਲਾਉਣਾ ਪਿਆ। ਫਟਦੀ ਨੂੰ . . . ਨੱਚਣਾ ਤਾਂ ਫਿਰ ਘੁੰਡ ਕਾਹਦਾ।''[75]

ਸ਼ਿੰਗਾਰੀ ਦੇ ਇਨ੍ਹਾਂ ਬੋਲਾਂ ਪਿੱਛੇ ਲੇਖਕ ਦੀ ਰਚਨਾ-ਦ੍ਰਿਸ਼ਟੀ ਕਾਰਜਸ਼ੀਲ ਹੈ। ਇਨ੍ਹਾਂ ਬੋਲਾਂ ਵਿਚ ਇਤਿਹਾਸ ਦੀ ਅਨਿਵਾਰੀ ਹੋਣੀ ਨੂੰ ਕਬੂਲ ਕਰ ਲੈਣ ਤੋਂ ਸਿਵਾ ਕੰਮੀ ਬਣੇ ਕਿਸਾਨ ਲਈ ਹੋਰ ਕੋਈ ਚਾਰਾ ਨਹੀਂ। ਸੰਧੂ ਦੀ ਰਚਨਾ ਦ੍ਰਿਸ਼ਟੀ ਦੀ ਇਹ ਵਿਸ਼ੇਸ਼ ਖੂਬੀ ਹੈ ਕਿ ਪੰਜਾਬੀ ਕਹਾਣੀ ਦੇ ਇਤਹਾਸ ਵਿਚ ਉਹ ਪਹਿਲੀ ਵਾਰ ਜਟਕੇ ਕਬਾਇਲੀ ਅਭਿਮਾਨ ਦਾ ਉਛਾੜ ਪਾੜ ਕੇ ਨਿਮਨ ਕਿਸਾਨੀ ਨੂੰ ਉਸਦੀ ਦੁਖਾਂਤ ਹੋਣੀ ਦੇ ਰੂਬਰੂ ਖੜ੍ਹਾ ਕਰ ਦੇਂਦਾ ਹੈ। ਵਰਿਆਮ ਸਿੰਘ ਸੰਧੂ ਨੇ ਪ੍ਰਾਪਤ ਯਥਾਰਥ ਨੂੰ ਵੱਖਰੇ ਤੇ ਨਵੇਂ ਜ਼ਾਵੀਏ ਤੋਂ ਵੇਖਣ ਦੀ ਕੋਸ਼ਿਸ਼ ਕੀਤੀ ਹੈ। ਨਵੇਂ ਜ਼ਾਵੀਏ ਦਾ ਸੰਬੰਧ ਲੇਖਕ ਦੀ ਰਚਨਾ-ਦ੍ਰਿਸ਼ਟੀ ਨਾਲ ਹੁੰਦਾ ਹੈ, ''ਰਚਨਾ-ਦ੍ਰਿਸ਼ਟੀ ਵਿਚ ਪਰਿਵਰਤਨ ਆਉਣ ਨਾਲ ਵਸਤੂ ਯਥਾਰਥ ਦੇ ਨਵੇਂ ਤੋਂ ਨਵੇਂ ਰੂਪ ਸਾਹਮਣੇ ਆਉਣ ਲੱਗਦੇ ਹਨ। ਮਿਸਾਲ ਵਜੋਂ ਕਿਸਾਨੀ ਯਥਾਰਥ ਜਿਵੇਂ ਸੰਤ ਸਿੰਘ ਸੇਖੋਂ ਨੂੰ ਨਜ਼ਰ ਆਉਂਦਾ ਸੀ। ਵਰਿਆਮ ਸਿੰਘ ਸੰਧੂ ਨੂੰ ਉਸਤੋਂ ਵੱਖਰੀ ਤਰ੍ਹਾਂ ਦਾ ਦ੍ਰਿਸ਼ਟਮਾਨ ਹੁੰਦਾ ਹੈ।''[76]

ਵਰਿਆਮ ਸਿੰਘ ਸੰਧੂ ਹਰੇ ਇਨਕਲਾਬ ਦੇ ਛੋਟੀ ਕਿਸਾਨੀ ’ਤੇ ਪੈ ਰਹੇ ਮੰਦੇ ਪ੍ਰਭਾਵਾਂ ਕਾਰਣ ਇਸਦੀ ਵਿਗੜ ਰਹੀ ਆਰਥਕ-ਸਮਾਜਕ ਦਸ਼ਾ ਬਿਆਨ ਕਰਦਾ ਹੈ ਤਾਂ ਸੰਤ ਸਿੰਘ ਸੇਖੋਂ ਨੂੰ ਉਹ ਖਾਹ-ਮਖਾਹ ਹੀ ਹਰੇ ਇਨਕਲਾਬ ਦੀ ਭੰਡੀ ਕਰ ਰਿਹਾ ਪ੍ਰਤੀਤ ਹੁੰਦਾ ਹੈ। ਸੇਖੋਂ ਦੀ ਨਜ਼ਰ ਨੂੰ ਹਰਾ ਇਨਕਲਾਬ ਹਰਾ ਹੀ ਦਿਸਦਾ ਹੈ। ਉਸ ਤਰ੍ਹਾਂ ਦਾ ਪੀਲਾ ਨਜ਼ਰ ਨਹੀਂ ਆਉਂਦਾ ਜਿਸ ਤਰ੍ਹਾਂ ਦਾ ਵਰਿਆਮ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ, “ਸੰਧੂ ਇਸ ਫਾਰਮੂਲੇ ਨੂੰ ਮੰਨਣ ਵਾਲਾ ਜਾਪਦਾ ਕਿ ਪੰਜਾਬ ਵਿਚ ਹਰੀ ਕ੍ਰਾਂਤੀ ਨੇ ਛੋਟੇ ਕਿਰਸਾਣਾਂ ਦੀਆਂ ਭੂਮੀਆਂ ਵਿਕਾ ਦਿੱਤੀਆਂ ਹਨ ਤੇ ਉਹਨਾਂ ਨੂੰ ਹੋਰ ਗ਼ਰੀਬ ਬਣਾ ਦਿੱਤਾ ਹੈ। ਵਰਿਆਮ ਸਿੰਘ ਸੰਧੂ ਇਸ ਭੁਲੇਖੇ ਦਾ ਸ਼ਿਕਾਰ ਜਾਪਦਾ ਹੈ ਕਿ ਇਕ ਕਿਰਸਾਣ ਲਈ ਅਜਿਹੀ ਥੋੜ੍ਹੀ ਬਹੁਤੀ ਭੂਮੀ ਬਚਾਈ ਰੱਖਣਾ ਉਸਦੀ ਖ਼ੁਸ਼ਹਾਲੀ ਦਾ ਪ੍ਰਮਾਣ ਹੈ। ਉਸਦੀਆਂ ਕਹਾਣੀਆਂ ਵੀ ਇਸ ਪੱਖੋਂ ਉਲਾਰ ਰੁਚੀ ਦਰਸਾਉਂਦੀਆਂ ਹਨ। ਹਰੀ ਕ੍ਰਾਂਤੀ ਨੂੰ ਇਹ ਕਹਿ ਕੇ ਭੰਡਣਾ ਕਿ ਇਸ ਨਾਲ ਗ਼ਰੀਬ ਕਿਰਸਾਣਾਂ ਦੀਆਂ ਜ਼ਮੀਨਾਂ ਵਿਕ ਰਹੀਆਂ ਹਨ, ਨਾ ਹੀ ਬਹੁਤਾ ਵਾਸਤਵਿਕ ਤੱਥ ਹੈ ਤੇ ਜੇ ਇਹ ਸੱਚ ਵੀ ਹੈ ਤਾਂ ਇਹ ਆਪਣੇ ਆਪ ਵਿਚ ਹਰੀ ਕ੍ਰਾਂਤੀ ਨੂੰ ਕੋਈ ਭੈੜੀ ਸਮਾਜਕ ਘਟਨਾ ਸਿੱਧ ਕਰ ਸਕਦਾ ਹੈ।”[77]

ਸੰਤ ਸਿੰਘ ਸੇਖੋਂ ਦਾ ਮੱਤ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਨੂੰ ਠੀਕ ਪਰਿਪੇਖ ਵਿਚ ਨਾ ਸਮਝਣ ਕਰਕੇ ਹੈ। ਅਸਲ ਵਿਚ ਵਰਿਆਮ ਹਰੇ ਇਨਕਲਾਬ ਨੂੰ ਨਹੀਂ ਭੰਡ ਰਿਹਾ ਉਹ ਤਾਂ ਉਸ ਸਿਸਟਮ ਨੂੰ ਭੰਡ ਰਿਹਾ ਹੈ ਜਿਸ ਕਰਕੇ ਛੋਟੀ ਕਿਸਾਨੀ ਹਰੇ ਇਨਕਲਾਬ ਦਾ ਪੂਰਾ ਤੇ ਬਣਦਾ ਲਾਭ ਲੈਣ ਲਈ ਮਸ਼ੀਨੀ ਖੇਤੀ ਲਈ ਸਾਰੀਆਂ ਸਹੂਲਤਾਂ ਸਮੇਂ ਸਿਰ ਨਹੀਂ ਜੁਟਾ ਸਕਦੀ ਤੇ ਇਸਦਾ ਪੂਰਾ ਫ਼ਾਇਦਾ ਉਠਾ ਸਕਣ ਦੇ ਅਸਮਰਥ ਰਹਿ ਜਾਂਦੀ ਹੈ। ਕਿਸਾਨੀ ਦਾ ਇਹ ਵਰਗ ਖੇਤੀ ਨਾਲ ਸੰਬੰਧਿਤ ਜ਼ਰੂਰਤਾਂ ਆਪਣੀ ਕਮਜ਼ੋਰ ਆਰਥਕ ਸਥਿਤੀ ਕਰਕੇ ਸਮੇਂ ਸਿਰ ਹਾਸਲ ਨਹੀਂ ਕਰ ਸਕਦਾ ਅਤੇ ਖੇਤੀ ਤੇ ਘਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਬੈਂਕਾਂ, ਆੜ੍ਹਤੀਆਂ ਜਾਂ ਧਨੀ ਕਿਸਾਨਾਂ ਤੋਂ ਕਰਜ਼ਾ ਲੈਣ ਲਈ ਮਜਬੂਰ ਹੁੰਦਾ ਹੈ ਤੇ ਕਰਜ਼ਾ ਵੇਲੇ ਸਿਰ ਮੋੜ ਨਾ ਸਕਣ ਕਰਕੇ ਜ਼ਮੀਨ ਗਹਿਣੇ

ਪਾਉਣ ਜਾਂ ਵੇਚਣ ਲਈ ਮਜਬੂਰ ਹੁੰਦਾ ਹੈ। ਧਨੀ ਕਿਸਾਨੀ, ਕਿਉਂਕਿ ਖੇਤੀ ਤੋਂ ਪ੍ਰਾਪਤ ਸਰਮਾਏ ਨੂੰ ਦੂਸਰੇ ਧੰਦਿਆਂ ਵਿਚ ਲਾਉਣ ਤੇ ਪੈਸਾ ਕਮਾ ਸਕਣ ਦੀ ਸਮਰਥਾ ਦੀ ਮਾਲਕ ਹੈ ਤੇ ਇਸ ਲਈ ਸਰਮਾਏ ਦੀ ਬਹੁਲਤਾ ਦੇ ਫ਼ਲਸਰੂਪ ਉਹ ਛੋਟੀ ਕਿਸਾਨੀ ਦੀਆਂ ਜ਼ਮੀਨਾਂ ਖ਼ਰੀਦ ਕੇ ਆਪਣੀ ਭੋਂ ਮਾਲਕੀ ਵਿਚ ਹੋਰ ਵਾਧਾ ਕਰਦੀ ਹੈ। ਦੂਜੇ ਪਾਸੇ, ਜੇ ਛੋਟੀ ਕਿਸਾਨੀ ਜ਼ਮੀਨ ਖੁੱਸ ਜਾਣ ਦੇ ਦਰਦ ਨਾਲ ਦੁਖੀ ਹੈ ਤੇ ਥੋੜ੍ਹੀ ਬਹੁਤੀ ਭੋਇੰ ਬਚਾਉਣ ਜਾਂ ਮੁੜ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿਚ ਹੈ ਤਾਂ ਇਸਦਾ ਇਕ ਕਾਰਣ ਤਾਂ ਉਸਦਾ ਜ਼ਮੀਨ ਨਾਲ ਜੁੜਿਆ ਹੋਇਆ ਮੋਹ ਹੈ। ਇਸੇ ਮੋਹ ਸਦਕਾ ਹੀ ਜੱਟ ਜ਼ਮੀਨ ਨੂੰ ਮਾਂ ਦਾ ਦਰਜਾ ਦੇਂਦਾ ਹੈ। ਦੂਸਰਾ, ਉਸਦੀ ਜਟਕੀ ਹਉਂ ਉਸਨੂੰ ਮਜ਼ਦੂਰ ਬਣਨ ਦੀ ਹਕੀਕਤ ਪ੍ਰਵਾਨ ਕਰਨ ਦੇ ਰਾਹ ਵਿਚ ਰੋੜਾ ਅਟਕਾਉਂਦੀ ਹੈ। ਇਸ ਸੂਰਤ ਵਿਚ ਉਹ ਥੋੜ੍ਹੀ ਬਹੁਤੀ ਜ਼ਮੀਨ ਬਚਾਈ ਰੱਖਣ ਲਈ ਯਤਨ ਵੀ ਕਰਦਾ ਹੈ। ਕਿਸਾਨੀ ਦੇ ਇਨ੍ਹਾਂ ਯਤਨਾਂ ਨੂੰ ਉਸਦੀ ਖੁਸ਼ਹਾਲੀ ਦਾ ਪ੍ਰਮਾਣ ਵਰਿਆਮ ਸਿੰਘ ਸੰਧੂ ਨਹੀਂ ਸਮਝਦਾ ਸਗੋਂ ਜੱਟ ਕਿਸਾਨ ਖ਼ੁਦ ਇਸ ਭੁਲੇਖੇ ਦਾ ਸ਼ਿਕਾਰ ਹੈ ਅਤੇ ਉਸਦੇ ਇਸ ਭੁਲੇਖੇ ਨੂੰ ਹੀ ਸੇਖੋਂ ਅਸਲ ਵਿਚ ਵਰਿਆਮ ਦੇ ਨਜ਼ਰੀਏ ਵਜੋਂ ਵੇਖ ਰਿਹਾ ਹੈ। ਇਹ ਭੁਲੇਖਾ 'ਕਿੱਥੇ ਗਏ' ਦੇ ਬਚਨੇ ਤੇ ਉਸਦੇ ਬਾਪ ਨੂੰ ਵੀ ਹੈ ; "ਆਪਾਂ ਛੇਤੀ ਹੀ ਬਲਦਾਂ ਦੀ ਇਕ ਵਧੀਆ ਜੋੜੀ ਲਵਾਂਗੇ। ਤੇਰੇ ਵਾਹੁਣ ਲਈ . . . ਜਿਹੜੇ ਛਾਂਟ ਨਾ ਝੱਲਣਗੇ। ਕੰਮ ਕਰਾਂਗੇ ਜ਼ਮੀਨ ਆਪੇ ਛੁੱਟ ਜੂ।"[78] ਉਹ ਆਪਣੀ ਸਥਿਤੀ ਦੇ ਮੁੜ ਸਾਵੇਂ ਹੋ ਜਾਣ ਦਾ ਤਰਕ ਸਿਰਜਦਾ ਹੈ ਤਾਂ ਉਹ ਤਰਕ ਭੁਲਾਂਦਰੇ ਵਾਲਾ ਹੈ ਕਿਉਂਕਿ ਉਸ ਤੋਂ ਅਗਲੀ ਕਹਾਣੀ ਵਿਚ ਪਰਿਵਾਰ ਦੀ ਦਸ਼ਾ ਸੁਧਰਨ ਦੀ ਥਾਂ ਹੋਰ ਵਿਗੜਦੀ ਹੈ ਤੇ ਬਚਨਾ ਸ਼ਹਿਰ ਜਾ ਕੇ ਮਜ਼ਦੂਰੀ ਕਰਨ ਲਈ ਮਜਬੂਰ ਹੋ ਜਾਂਦਾ ਹੈ। ਲੇਖਕ 'ਆਪਣਾ ਆਪਣਾ ਹਿੱਸਾ' ਦੇ ਘੁੱਦੂ ਰਾਹੀਂ ਜ਼ਮੀਨ ਨੂੰ ਸਾਰੇ ਮਸਲਿਆਂ ਦਾ ਹੱਲ ਸਮਝਣ ਵਾਲੀ ਸੋਚ ਨੂੰ ਵੀ ਰੱਦ ਕਰਦਾ ਹੈ, "ਓ ਤੂੰ ਵੀ ਲੈ ਜਾ ਤੇ ਉਹ ਵੀ ਲੈ ਜਾਣ। ਜ਼ਮੀਨ ਸਹੁਰੀ ਨੇ ਮੈਨੂੰ ਕਾਰੂੰ ਪਾਤਸ਼ਾਹ ਬਣਾ ਤਾ।"[79]

ਵਰਿਆਮ ਸਿੰਘ ਸੰਧੂ ਤਾਂ ਆਪਣੀਆਂ ਕਹਾਣੀਆਂ ਵਿਚ ਜੱਟ ਕਿਸਾਨ ਨੂੰ ਆਪਣੀ ਪਰਿਵਰਤਿਤ

ਹੁੰਦੀ ਨਿਮਨ ਹੈਸੀਅਤ ਨੂੰ ਸਵੀਕਾਰ ਕਰਨ ਦੀ ਦ੍ਰਿਸ਼ਟੀ ਤੋਂ ਯਥਾਰਥ ਸਿਰਜਣਾ ਕਰਦਾ ਹੈ। ਅਸਲ ਵਿਚ ਲੇਖਕ ਦੀ ਕਹਾਣੀ ਦੀ ਰਚਨਾ-ਵਸਤੂ ਨੂੰ ਉਸਦੀ ਰਚਨਾ-ਦ੍ਰਿਸ਼ਟੀ ਸਮਝੇ ਜਾਣ ਦੇ ਭੁਲੇਖੇ ਕਾਰਣ ਹੀ ਸੇਖੋਂ ਅਜਿਹੀ ਟਿੱਪਣੀ ਕਰ ਰਿਹਾ ਹੈ। ਇਹ ਤਾਂ ਅਸੀਂ ਜਾਣ ਹੀ ਚੁੱਕੇ ਹਾਂ ਵਰਿਆਮ ਛੋਟੀ ਕਿਸਾਨੀ ਦੇ ਜੀਵਨ ਨੂੰ ਚਿਤ੍ਰਣ ਵਾਲਾ ਪ੍ਰਮਾਣਿਕ ਕਹਾਣੀਕਾਰ ਹੈ। ਕਿਸਾਨੀ ਦਾ ਇਹ ਚਿਤ੍ਰਣ ਦੂਸਰੀਆਂ ਧਿਰਾਂ ਦੇ ਪ੍ਰਸੰਗ ਵਿਚ ਹੀ ਹੋਇਆ ਹੈ। ਉਸਨੇ ਆਪਣੀਆਂ ਕਹਾਣੀਆਂ ਵਿਚ ਧਨੀ ਕਿਸਾਨੀ ਦਾ ਬਦਲ ਰਿਹਾ ਚਰਿਤਰ ਵੀ ਸਾਹਮਣੇ ਲਿਆਂਦਾ ਹੈ ਕਿ ਕਿਸ ਤਰ੍ਹਾਂ ਕਿਸਾਨੀ ਦਾ ਇਹ ਵਰਗ ਪੈਸਾ ਕਮਾਉਣ ਤੇ ਆਪਣੀ ਦੌਲਤ ਵਿਚ ਵਾਧਾ ਕਰਨ ਲਈ ਹਰ ਹਰਬਾ ਵਰਤਦਾ ਹੈ। ਛੋਟੀ ਕਿਸਾਨੀ ਦੀਆਂ ਜ਼ਮੀਨਾਂ ਹਥਿਆਉਣ ਲਈ ਇਹ ਵਰਗ ਉਨ੍ਹਾਂ ਪ੍ਰਤਿ ਹਮਦਰਦੀ ਤੇ ਭਾਈਚਾਰਕ ਸੰਬੰਧਾਂ ਦਾ ਸਵਾਂਗ ਵੀ ਰਚਦਾ ਹੈ, ਜਿਸ ਕਰਕੇ ਛੋਟੀ ਕਿਸਾਨੀ ਦੇ ਮਨ ਵਿਚ ਇਸ ਵਰਗ ਦੇ ਉਨ੍ਹਾਂ ਦੇ ਹਿਤੈਸ਼ੀ ਹੋਣ ਦਾ ਭਰਮ ਬਣਿਆ ਰਹਿੰਦਾ ਹੈ ਤੇ ਧਨੀ ਕਿਸਾਨੀ ਇਸ ਸਵਾਂਗ ਹੇਠ ਉਸਦਾ ਹਰ ਤਰ੍ਹਾਂ ਨਾਲ ਸ਼ੋਸ਼ਣ ਕਰਦੀ ਹੈ। 'ਕਿੱਥੇ ਗਏ' ਦਾ ਨੰਬਰਦਾਰ ਬਚਨੇ ਦੇ ਪਿਓ ਅਤੇ ਚਾਚੇ ਸੁੱਚੇ ਨੂੰ ਝੂਠੇ ਕਤਲ ਕੇਸ ਵਿਚ ਫਸਾ ਕੇ ਬਚਨੇ ਦੀ ਦਾਦੀ ਨਾਲ ਹਮਦਰਦੀ ਦਾ ਸਵਾਂਗ ਰਚਦਾ ਹੈ।"[80] 'ਗੁਰਮੁਖ ਸਿੰਘ'[81] ਦਾ ਸਰਪੰਚ ਧਰਮ ਦੇ ਨਾਂ ਨੂੰ ਆਪਣੇ ਧਾਰਮਿਕ ਤੇ ਸੱਚਾ-ਸੁੱਚਾ ਵਿਅਕਤੀ ਹੋਣ ਦੇ ਓਹਲੇ ਵਜੋਂ ਵਰਤਦਾ ਹੈ। ਉਹ ਪਿੰਡ ਦਾ ਸਰਪੰਚ ਵੀ ਹੈ ਤੇ ਗੁਰਦਵਾਰਾ ਕਮੇਟੀ ਦਾ ਪ੍ਰਧਾਨ ਵੀ। ਉਹ ਆਪਣੇ ਅਹੁਦੇ ਦਾ ਲਾਹਾ ਲੈ ਕੇ ਛੋਟੀ ਕਿਸਾਨੀ ਨੂੰ ਹਰ ਤਰ੍ਹਾਂ ਗੁੰਮਰਾਹ ਕਰਦਾ ਹੈ। ਇਹ ਵੱਖਰੀ ਗੱਲ ਹੈ ਕਿ ਕਹਾਣੀ ਦੇ ਪਾਤਰ ਅਤੇ ਪਰਿਵਾਰ ਦੇ ਜੀ ਉਸਦੀ ਹਰ 'ਕਰਤੂਤ' ਨੂੰ ਚੰਗੀ ਤਰ੍ਹਾਂ ਸਮਝਦੇ ਹਨ। 'ਭੱਜੀਆਂ ਬਾਹੀਂ'[82] ਦਾ ਹਰਿੰਦਰਪਾਲ ਦਿੱਖ ਦੀ ਪੱਧਰ 'ਤੇ ਗੁਰਮੁਖ ਸਿੰਘ ਵਾਂਗ ਹੀ ਗੁਰਸਿੱਖ ਨਜ਼ਰ ਆਉਂਦਾ ਹੈ, ਪਰ ਹਕੀਕਤ ਵਿਚ ਉਹ ਸਮੱਗਲਰ, ਪੁਲੀਸ ਦਾ ਦਲਾਲ ਤੇ ਦੰਭੀ ਵਿਅਕਤੀ ਹੈ। ਉਹ ਹਮਦਰਦ ਬਣ ਕੇ ਤਾਰੇ ਨੂੰ ਨਜਾਇਜ਼ ਸ਼ਰਾਬ ਦੇ ਧੰਦੇ ਵਿਚ ਪਾਉਂਦਾ ਹੈ ਤੇ ਕੁਝ ਦੇਰ ਬਾਅਦ ਪੁਲੀਸ ਤੋਂ ਫੜਵਾਉਂਦਾ, ਮੁੜ ਛੁਡਵਾਉਂਦਾ ਤੇ ਉਸਦੀ ਜ਼ਮੀਨ ਗਹਿਣੇ

ਪਵਾਉਂਦਾ ਹੈ। ਸੰਧੂ ਦੀ ਕਹਾਣੀ ਕਲਾ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਧਨੀ ਕਿਸਾਨੀ ਦੇ ਦੰਭ ਦੀ ਅਸਲੀਅਤ ਨੂੰ ਬੇਨਕਾਬ ਕਰਦੀ ਹੈ।

"ਪਿੰਡ ਦਾ ਇਹ ਉੱਚ ਵਰਗ ਕੇਵਲ ਸਾਂਸਕ੍ਰਿਤਕ ਪੱਧਰ ਨੂੰ ਭਰਮ ਪਾਲ ਕੇ ਨਹੀਂ ਜਿਉਂਦਾ, ਸਗੋਂ ਜਦੋਂ ਵੀ ਇਸ ਵਰਗ ਦੇ ਹਿਤ ਅਸੁਰੱਖਿਅਤ ਹੋਣ ਲੱਗਦੇ ਹਨ ਤਾਂ ਧੱਕੇ ਨਾਲ ਸਾਧਨਹੀਣ ਲੋਕਾਂ ਨੂੰ ਦਬਾਉਣ ਤੋਂ ਵੀ ਗ਼ੁਰੇਜ਼ ਨਹੀਂ ਕਰਦਾ।"[83] 'ਗੁਰਮੁਖ ਸਿੰਘ' ਕਹਾਣੀ ਦੇ ਮੁੱਖ ਪਾਤਰ ਦੇ ਵਡੇਰਿਆਂ ਵਲੋਂ ਮਿਹਨਤ ਕਰਕੇ ਵਾਹੀਯੋਗ ਬਣਾਈ ਜ਼ਮੀਨ ਲਾਭਕਾਰੀ ਬਣ ਜਾਣ ਤੋਂ ਬਾਅਦ ਆਪਣੇ ਪੈਸੇ ਤੇ ਰੁਤਬੇ ਦੀ ਤਾਕਤ ਨਾਲ ਹਥਿਆ ਲੈਂਦਾ ਹੈ। 'ਦਲਦਲ' ਵਿਚ ਪਿੰਡ ਦੇ ਸਰਪੰਚ ਦਾ ਪਿਉ ਆਪਣੇ ਸਰਪੰਚ ਪੁੱਤ ਨੂੰ ਮਸ਼ਵਰਾ ਦੇਂਦਾ ਹੈ ਕਿ ਉਹ ਪਿੰਡ ਵਿਚ ਔਰਤ ਨੂੰ ਨੰਗਾ ਕਰਕੇ ਫੇਰਨ ਵਾਲੀ ਧਿਰ ਦਾ ਵਿਰੋਧ ਨਾ ਕਰੇ, ਕਿਉਂਕਿ ਉਨ੍ਹਾਂ ਦੀਆਂ ਵੋਟਾਂ ਉਸਦੀ ਸਰਪੰਚੀ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਨ, "ਜਿਨ੍ਹਾਂ ਨੇ ਵੋਟਾਂ ਲੈਣੀਆਂ ਹੋਣ ਉਹ ਨ੍ਹੀਂ ਇਹੋ ਜਿਹੇ ਪੰਗੇ ਲੈਂਦੇ।"[84]

'ਡੁੰਮ੍ਹ' ਕਹਾਣੀ ਦਾ ਸਰਪੰਚ ਗੁਰਬਚਨ ਸਿੰਘ ਤੇਜੂ ਦੇ ਖੱਫਣ ਲਈ ਤਾਰੇ ਨੂੰ ਪੈਸੇ ਦੇਂਦਾ ਹੈ ਤਾਂ ਹਾਜ਼ਰ ਲੋਕਾਂ 'ਤੇ ਸਰਪੰਚ ਦੀ ਖੁਲ੍ਹਦਿਲੀ ਦਾ ਬੜਾ ਸੂਖ਼ਮ ਤੇ ਸੁਖਾਵਾਂ ਅਸਰ ਪੈਂਦਾ ਹੈ।

ਧਨੀ ਕਿਸਾਨੀ ਤੋਂ ਇਲਾਵਾ ਕਿਸਾਨੀ ਦਾ ਇਕ ਹੋਰ ਵਰਗ ਦਰਮਿਆਨੀ ਕਿਸਾਨੀ ਦਾ ਹੈ। ਇਹ ਉਹ ਲੋਕ ਹਨ ਜਿਹੜੇ ਖੇਤੀ ਤੋਂ ਇਲਾਵਾ ਹੋਰ ਧੰਦਿਆਂ ਨਾਲ ਵੀ ਜੁੜੇ ਹਨ ਜਾਂ ਕੋਈ ਨੌਕਰੀ ਕਰਦੇ ਹਨ। ਉਹ ਦੂਸਰੇ ਧੰਦਿਆਂ ਤੋਂ ਪ੍ਰਾਪਤ ਆਮਦਨ ਨੂੰ ਖੇਤੀ ਵਿਚ ਲਾਉਂਦੇ ਹਨ। ਬਾਹਰਲੀ ਆਮਦਨ ਸਮੇਂ ਸਿਰ ਖੇਤੀ ਦੀਆਂ ਲੋੜੀਂਦੀਆਂ ਚੀਜ਼ਾਂ ਦੀ ਵਰਤੋਂ ਕਰਨ ਦੇ ਕੰਮ ਆ ਜਾਂਦੀ ਹੈ। ਇੰਜ ਫ਼ਸਲ ਸਮੇਂ ਸਿਰ ਬੀਜੀ ਵਾਹੀ ਜਾਂਦੀ ਹੈ ; ਨਿਸਬਤਨ ਆਮਦਨ ਵੀ ਠੀਕ ਹੋ ਜਾਂਦੀ ਹੈ ਤੇ ਦਰਮਿਆਨੀ ਕਿਸਾਨੀ ਕਰਜ਼ੇ ਦੇ ਬੋਝ ਤੋਂ ਵੀ ਬਚੀ ਰਹਿੰਦੀ ਹੈ। ਉਸਨੂੰ ਖੇਤੀ ਦਾ ਧੰਦਾ ਛੋਟੇ ਕਿਸਾਨ ਵਾਂਗ ਘਾਟੇ ਦਾ ਸੌਦਾ ਨਹੀਂ ਜਾਪਦਾ। 'ਡੁੱਬਦਾ ਚੜ੍ਹਦਾ', 'ਤਾਰ 'ਤੇ ਤੁਰਦਾ ਆਦਮੀ' ਤੇ 'ਨੌਂ ਬਾਰਾਂ ਦਸ' ਕਹਾਣੀਆਂ ਵਿਚ ਅਧਿਆਪਕ ਆਪਣੀ ਨੌਕਰੀ ਦੇ ਨਾਲ-ਨਾਲ ਖੇਤੀ ਵੀ ਕਰਦੇ/

ਕਰਵਾਉਂਦੇ ਹਨ ਤੇ ਆਪਣੀ ਸਮਾਜਕ-ਆਰਥਕ ਹੋਂਦ ਬਚਾਈ ਰੱਖਦੇ ਹਨ।

ਕਿਸਾਨੀ ਦੇ ਉਪ ਵਰਗਾਂ ਵਿਚ ਇਕ ਵਰਗ ਹੈ ਪਿੰਡ ਵਿਚ ਵੱਸਦੀ ਕਿਰਤੀ ਕਾਮਿਆਂ ਦੀ ਸ਼੍ਰੇਣੀ। ਇਹ ਵਰਗ ਵੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਖੇਤੀ ਅਰਥਚਾਰੇ ਨਾਲ ਹੀ ਜੁੜਿਆ ਹੋਇਆ ਹੈ। ਸੰਧੂ ਦੀਆਂ ਕਹਾਣੀਆਂ ਵਿਚ ਇਨ੍ਹਾਂ ਦੀ ਆਰਥਕ ਸਮਾਜਕ ਦਸ਼ਾ ਦਾ ਵਰਣਨ ਵੀ ਹੋਇਆ ਹੈ ਤੇ ਕਿਸਾਨੀ ਨਾਲ ਉਨ੍ਹਾਂ ਦੇ ਸੰਬੰਧਾਂ ਦਾ ਵੀ। ਕਿਰਤੀਆਂ ਦੀ ਇਹ ਸ਼੍ਰੇਣੀ ਨਿਮਨ ਕਿਸਾਨੀ ਤੋਂ ਵੀ ਹੇਠਲੀ ਪਰਤ ਹੋਣ ਕਰਕੇ ਇਸਦਾ ਸੰਤਾਪ ਹੋਰ ਵੀ ਡੂੰਘਾ ਹੈ। ਇਸਦੀ ਉਦਾਹਰਣ 'ਕਾਲੀ ਧੁੱਪ'[85] ਕਹਾਣੀ ਵਿਚਲੇ ਮਾਂ-ਧੀ ਦੇ ਬਿਰਤਾਂਤ ਤੋਂ ਵੀ ਪ੍ਰਾਪਤ ਹੁੰਦੀ ਹੈ। ਕਿਰਤੀ ਵਰਗ ਦੀ ਹਕੀਕੀ ਸਥਿਤੀ ਨਰਕ ਵਰਗਾ ਜੀਵਨ ਜਿਊਣ ਵਾਲੀ ਬਣੀ ਹੋਈ ਹੈ। ਮਨੁੱਖਾਂ ਵਰਗਾ ਜੀਵਨ ਗੁਜ਼ਾਰਨਾ ਇਨ੍ਹਾਂ ਦੇ ਹਿੱਸੇ ਆਇਆ ਹੀ ਨਹੀਂ। 'ਅਸਲੀ ਤੇ ਵੱਡੀ ਹੀਰ' ਵਿਚ ਬਿਰਤਾਂਤਕਾਰ ਪਾਤਰ ਸੱਜਣ ਦੀ ਸਥਿਤੀ ਬਾਰੇ ਬਿਆਨ ਕਰਦਾ ਹੈ, ''ਕਈ ਵਾਰ ਸੋਚਦਾ ਹਾਂ ਉਸਨੂੰ ਕੀ ਆਖਾਂ? ਦਿਲਚਸਪ ਗੱਭਰੂ? ਦਿਲਚਸਪ ਆਦਮੀ? ਦਿਲਚਸਪ ਜਾਨਵਰ? ਫ਼ੈਸਲਾ ਨਹੀਂ ਹੁੰਦਾ। ਪਰ ਫਿਰ ਵੀ ਉਹ ਦਿਲਚਸਪ ਹੈ ਜ਼ਰੂਰ। ਨਾਮ ਦਾ ਸੱਜਣ ਪਰ ਸਮੇਂ ਨੇ ਸਦੀਆਂ ਤੋਂ ਉਹੋ ਜਿਹਿਆਂ ਨਾਲ ਸੱਜਣਤਾਈ ਨਹੀਂ ਪਾਲੀ।''[86] ਦਲ਼ੇ-ਮਲ਼ੇ ਇਹ ਲੋਕ ਸਦੀਆਂ ਤੋਂ ਅਜਿਹਾ ਜੀਵਨ ਭੋਗ ਰਹੇ ਹਨ ਅਤੇ ਆਮ ਲੋਕ ਉਨ੍ਹਾਂ ਦੀ ਸਥਿਤੀ ਨੇੜਿਉਂ ਵੇਖਣ/ਸਮਝਣ ਦੀ ਥਾਂ ਤਮਾਸ਼ਬੀਨ ਵਾਂਗ ਉਨ੍ਹਾਂ ਦੀ ਸਥਿਤੀ 'ਤੇ ਮੁਸਕਰਾ ਜਾਂ ਹੱਸ ਰਹੇ ਹਨ। ਕਿਰਤੀ ਵਰਗ ਦੇ ਅਜਿਹੇ ਪਾਤਰ ਦਾ ਦੁਖਾਂਤ 'ਨੌਂ ਬਾਰਾਂ ਦਸ' ਵਿਚ ਵੀ ਪੇਸ਼ ਹੋਇਆ ਹੈ। ਇਥੇ ਵੀ ਮਾਲਕ ਕਿਸਾਨ ਉਸਦੀ ਮਿਹਨਤ ਦਾ ਸ਼ੋਸ਼ਣ ਕਰਨ ਲਈ ਉਹਦੇ ਐਕਟਰ ਹੋਣ, ਧਰਮਿੰਦਰ ਦਾ ਪੁੱਤ ਹੋਣ ਤੇ ਸ਼੍ਰੀ ਦੇਵੀ ਦਾ ਆਸ਼ਕ ਹੋਣ ਦਾ ਭਰਮ ਸਿਰਜੀ ਰਖਦਾ ਹੈ। ਇਸ ਸ਼੍ਰੇਣੀ ਦਾ ਵੀ ਇਹ ਦੁਖਾਂਤ ਹੈ ਕਿ ਸੀਮਤ ਚੇਤਨਾ ਕਾਰਣ ਇਹ ਉੱਚ ਸ਼੍ਰੇਣੀ ਦੇ ਜੀਵਨ ਮੁੱਲਾਂ ਨੂੰ ਆਪਣੇ ਜੀਵਨ ਮੁੱਲ ਸਮਝਣ ਦਾ ਭੁਲੇਖਾ ਖਾ ਜਾਂਦੀ ਹੈ। ਜੋ ਕੁਝ ਉਹ ਨਹੀਂ, ਉਹ ਕੁਝ ਉਹ ਆਪਣੇ-ਆਪ ਨੂੰ ਸਮਝੀ ਜਾਣ ਕਾਰਣ ਉਨ੍ਹਾਂ ਦੀ ਸਥਿਤੀ ਵਿਚ ਨੇੜ ਭਵਿੱਖ ਵਿਚ

ਕਿਸੇ ਸੁਖਾਵੇਂ ਬਦਲਾਓ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਕਿਉਂਕਿ ਜਦ ਤਕ ਕੋਈ ਆਪਣੀ ਹਕੀਕੀ ਸਥਿਤੀ ਨੂੰ ਤਸਲੀਮ ਹੀ ਨਹੀਂ ਕਰਦਾ ਓਨੀ ਦੇਰ ਤੱਕ ਉਸ ਵੱਲੋਂ ਆਪਣੀ ਸਥਿਤੀ ਨੂੰ ਬਦਲਣ ਦੀ ਕੋਈ ਰਚਨਾਤਮਕ ਕੋਸ਼ਿਸ਼ ਵੀ ਨਹੀਂ ਕੀਤੀ ਜਾ ਸਕਦੀ।

ਪਿੰਡ ਦੀ ਸਮਾਜਕ ਸੰਰਚਨਾ ਵਿਚ ਔਰਤ ਦਾ ਸਥਾਨ ਹੈ ਤਾਂ ਬੜਾ ਮਹੱਤਵਪੂਰਣ, ਪਰ ਉਸਦੀ ਸਥਿਤੀ ਵੀ ਸਮਾਜ ਦੇ ਹੇਠਲੇ ਵਰਗਾਂ ਵਾਂਗ ਦੂਹਰਾ ਦੁੱਖ ਭੋਗਣ ਵਾਲੀ ਹੈ। ‘‘ਜਾਗੀਰਦਾਰੀ ਸਮਾਜ ਵਿਚ ਪੈਦਾਵਾਰ ਦੇ ਸਾਧਨਾਂ ਉੱਪਰ ਮਰਦ ਦਾ ਕੰਟਰੋਲ ਹੋਣ ਕਰਕੇ ਔਰਤ ਦੀ ਮਾਨਵੀ ਹੋਂਦ ਨੂੰ ਸਵੀਕ੍ਰਿਤੀ ਨਹੀਂ ਮਿਲਦੀ। ਮਰਦ ਪ੍ਰਧਾਨ ਸਮਾਜ ਵਿਚ ਆਰਥਕ ਤੇ ਮਰਯਾਦਾ ਦੀ ਗ਼ੁਲਾਮੀ ਭੋਗਦੀ ਔਰਤ ਦੀ ਮਾਨਵੀ ਹੋਂਦ ਦਾ ਵਸਤੂ ਕਰਨ ਹੋ ਜਾਂਦਾ ਹੈ। ਉਸਨੂੰ ਬੱਚੇ ਜੰਮਣ ਦੀ ਮਸ਼ੀਨ ਤੇ ਭੋਗ ਦੀ ਵਸਤੂ ਹੀ ਸਮਝਿਆ ਜਾਂਦਾ ਹੈ। ਉਸ ਕੋਲੋਂ ਉਸਦਾ ਮਾਨਵੀ ਗੌਰਵ ਖੋਹ ਲਿਆ ਜਾਂਦਾ ਹੈ।’’[87]

ਕਿਸਾਨੀ ਸਮਾਜ ਵਿਚ ਔਰਤ ਬੱਚੇ ਜੰਮਦੀ, ਪਾਲਦੀ, ਘਰ ਤੇ ਖੇਤੀ ਦਾ ਕੰਮ ਕਰਦੀ, ਪਰ ਘਰ ਵਿਚ ਲਏ ਜਾਣ ਵਾਲੇ ਫ਼ੈਸਲਿਆਂ ਵਿਚ ਉਸਦੀ ਕੋਈ ਭੂਮਿਕਾ ਨਹੀਂ ਹੁੰਦੀ। ਉਹਾ ਤਾਂ ਕੰਮ ਕਰਨ ਵਾਲੀ ਮਸ਼ੀਨ ਹੈ। ‘ਅੰਗ ਸੰਗ’ ਵਿਚ ਜਾਗੀਰ ਕੌਰ ਘਰ ਦਾ ਹਰੇਕ ਕੰਮ ਕਰਦੀ ਹੈ ਤੇ ਚੰਗੀ ਪਤਨੀ ਬਣੀ ਰਹਿਣ ਦਾ ਹਰੇਕ ਚਾਰਾ ਵੀ ਕਰਦੀ ਹੈ, ਪਰ ਪਤੀ ਉਸਨੂੰ ਪਤਨੀ ਹੋਣ ਦਾ ਇਨਸਾਨੀ ਹੱਕ ਦੇਣ ਨੂੰ ਤਿਆਰ ਨਹੀਂ। ਉਸਦੀ ਦੇਣ ਦੀ ਕਦਰ ਪਾਉਣ ਦੀ ਥਾਂ ਉਸਨੂੰ ਪਸ਼ੂਆਂ ਵਾਂਗ ਕੁੱਟਦਾ-ਮਾਰਦਾ ਹੈ, ‘‘ਜਨਾਨੀਆਂ ਦਾ ਕੀ ਕੰਮ ਬੰਦਿਆਂ ਦੇ ਮਾਮਲਿਆਂ ’ਚ ਦਖ਼ਲ ਦੇਣ।’’[88] ਹਰੇਕ ਔਰਤ ਦਾ ਸੁਪਨਾ ਆਪਣੇ ਪਤੀ ਦੀ ਬਰਾਬਰ ਦੀ ਧਿਰ ਬਣਕੇ ਮੁਹੱਬਤ ਦੇ ਸਾਵੇਂ ਰਿਸ਼ਤੇ ਵਿਚ ਬੱਝ ਕੇ ਜੀਣ-ਥੀਣ ਦਾ ਹੁੰਦਾ ਹੈ। ਪਰ ਕਿਸਾਨੀ ਸਮਾਜ ਵਿਚ ਔਰਤ ਦੀ ਯਥਾਰਥਕ ਸਥਿਤੀ ਇਹ ਬਣਦੀ ਹੈ ਕਿ ਉਹ ਬਰਾਬਰ ਦਾ ਕੰਮ ਕਰਨ ਵਾਲੀ ਧਿਰ ਤਾਂ ਬਣਦੀ ਹੈ, ਪਰ ਪਤੀ ਜਾਂ ਪ੍ਰੇਮੀ ਦੇ ਹਾਣ ਦੀ ਮੁਹੱਬਤੀ ਧਿਰ ਬਣ ਸਕਣ ਦੀ ਤਾਂਘ ਉਸਦੇ ਅੰਦਰ ਹੀ ਕਿਧਰੇ ਦਮ ਘੁੱਟ ਕੇ ਮਰ

ਜਾਂਦੀ ਹੈ। ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਅਜਿਹੇ ਅਨੇਕਾਂ ਯਥਾਰਥਕ ਵੇਰਵੇ ਉਪਲਬਧ ਹਨ। ਕਿਸਾਨੀ ਸਮਾਜ ਵਿਚ ਜਾਗੀਰੂ ਰੁਚੀਆਂ ਦੀ ਪ੍ਰਧਾਨਤਾ ਹੋਣ ਕਰਕੇ ਲੜਕੀ ਲਈ ਵਰ ਦੀ ਚੋਣ ਦਾ ਆਧਾਰ ਕਿਸੇ ਤਰ੍ਹਾਂ ਵੀ ਕੁੜੀਆਂ ਦੀਆਂ ਇੱਛਾਵਾਂ ਦੀ ਪ੍ਰਤਿਨਿੱਧਤਾ ਕਰਨ ਵਾਲਾ ਨਹੀਂ ਹੁੰਦਾ, ਸਗੋਂ ਪਰਿਵਾਰ ਦੇ ਸਮਾਜਕ ਤੇ ਆਰਥਕ ਰੁਤਬੇ ਮੁਤਾਬਿਕ ਹੁੰਦਾ ਹੈ। ਔਰਤ ਸਦੀਆਂ ਦੀ ਮਰਯਾਦਾਗਤ ਗ਼ੁਲਾਮੀ ਦੇ ਧੁਰ ਅਵਚੇਤਨ ਵਿਚ ਪਏ ਜੀਵਨ-ਮੁੱਲਾਂ ਮੁਤਾਬਕ ਸਭ ਕੁਝ ਚੁੱਪ ਕਰਕੇ ਸਹਿ ਜਾਂਦੀ ਹੈ। 'ਸੁਨਹਿਰੀ ਕਿਣਕਾ' ਦੀ ਗੁਰੋ ਦਾ ਬਾਪ ਉਸਦਾ ਰਿਸ਼ਤਾ ਵਡੇਰੀ ਉਮਰ ਦੇ ਪ੍ਰੀਤਮ ਨਾਲ ਇਸ ਕਰਕੇ ਕਰਦਾ ਹੈ ਕਿ ਪ੍ਰੀਤਮ ਵਿਦੇਸ਼ੋਂ ਆਇਆ ਹੈ ਤੇ ਉਸ ਕੋਲ ਧਨ ਦੌਲਤ ਹੈ। ਇੰਜ ਹੀ 'ਵਾਪਸੀ' ਕਹਾਣੀ ਦੀ ਬਚਨੀ ਵੀ ਆਪਣੇ ਪਿਤਾ ਦੀ ਸਮਾਜਕ-ਆਰਥਕ ਲਾਲਸਾ ਦੀ ਪੂਰਤੀ ਲਈ ਵਸਤੂ ਵਾਂਗ ਵਰਤੀ ਜਾਂਦੀ ਹੈ ਤੇ ਲੜਕੀ ਬਾਰੇ ਸਿਰਫ਼ ਇਹ ਵਿਚਾਰ ਸਾਡੇ ਸਮਾਜ ਵਿਚ ਪ੍ਰਧਾਨ ਹੈ, "ਕੁੜੀ ਦਾ ਕੀ ਸੀ? ਆਪੇ ਹੌਲੀ-ਹੌਲੀ ਵਿਰਚ ਜਾਵੇਗੀ।"[89] ਲੜਕੀਆਂ ਬਾਰੇ ਇਹ ਪ੍ਰਵਾਨਿਤ ਧਾਰਨਾ ਇਹੀ ਦਸਦੀ ਹੈ ਕਿ ਕੁੜੀ ਦੀ ਮਾਨਵੀ ਚਾਹਤ ਉਸਦੇ ਪਿਤਾ ਲਈ ਅਰਥਹੀਣ ਹੈ ਅਤੇ ਇਹ ਅਰਥਹੀਣਤਾ ਇੱਕਲੀ ਬਚਨੀ ਦੀ ਨਹੀਂ ਸਗੋਂ ਕਿਸਾਨੀ ਸਮਾਜ ਦੀ ਹਰੇਕ ਔਰਤ ਦੀ ਅਰਥਹੀਣ ਹੋਂਦ ਵੱਲ ਸੰਕੇਤ ਵੀ ਹੈ। ਬਚਨੀ ਦਾ 'ਵਿਰਚ ਜਾਣਾ' ਉਸਦੀ ਖ਼ੁਦਕੁਸ਼ੀ ਦੀ ਸ਼ਕਲ ਵਿਚ ਪਲਟ ਜਾਂਦਾ ਹੈ।

ਸੰਧੂ ਦੀਆਂ ਔਰਤ ਪਾਤਰਾਂ ਆਪਣੇ ਜੀਵਨ ਦੇ ਮਹੱਤਵਪੂਰਣ ਫ਼ੈਸਲੇ ਆਪ ਨਹੀਂ ਲੈ ਸਕਦੀਆਂ ਸਗੋਂ ਉਨ੍ਹਾਂ ਦੀ ਹੋਣੀ ਨਿਰਧਾਰਿਤ ਕਰਨ ਵਾਲੇ ਉਨ੍ਹਾਂ ਦੇ ਪਰਿਵਾਰਿਕ ਮਰਦ ਹੀ ਹੁੰਦੇ ਹਨ। ਉਹ ਭਾਵੇਂ ਪਤੀ ਹੋਵੇ, ਪਿਓ ਹੋਵੇ, ਭਰਾ ਜਾਂ ਪੁੱਤਰ। ਹੋਰ ਵੀ ਮਾੜੀ ਗੱਲ ਇਹ ਹੈ ਕਿ ਮਰਦਾਂ ਦੀ ਗ਼ਲਤੀ ਦੀ ਸਜ਼ਾ ਵੀ ਔਰਤ ਨੂੰ ਹੀ ਭੁਗਤਣੀ ਪੈਂਦੀ ਹੈ। 'ਦਲਦਲ' ਕਹਾਣੀ ਵਿਚ ਜਿਹੜੀ ਔਰਤ ਨੂੰ ਪਿੰਡ ਵਿਚ ਨੰਗਿਆਂ ਕਰਕੇ ਘੁਮਾਇਆ ਜਾਂਦਾ ਹੈ ਉਸਦਾ ਦੋਸ਼ ਸਿਰਫ਼ ਏਨਾ ਹੈ ਕਿ ਉਹ ਉਸ ਪੁੱਤਰ ਦੀ ਮਾਂ ਹੈ ਜਿਹੜੇ ਪੁੱਤਰ 'ਤੇ ਸ਼ਰੀਕਾਂ ਦੀ ਕੁੜੀ ਨਾਲ ਬਦਸਲੂਕੀ ਕਰਨ ਦਾ ਦੋਸ਼

ਲੱਗਾ ਹੈ। ਮਰਦਾਂ ਦੀ ਲੜਾਈ ਵਿਚ ਗਾਲ੍ਹਾਂ ਮਾਂ, ਭੈਣ ਤੇ ਧੀਆਂ ਦੇ ਨਾਂ ਦੀਆਂ ਕੱਢੀਆਂ ਜਾਂਦੀਆਂ ਹਨ। ਅਸਲ ਗੱਲ ਤਾਂ ਇਹ ਹੈ ਕਿ ਔਰਤ ਦੀ ਮਾਨਵੀ ਹੋਂਦ ਨੂੰ ਸਵੀਕਾਰ ਕਰਕੇ ਉਸਨੂੰ ਬਣਦਾ ਇਨਸਾਨੀ ਆਦਰ ਦੇਣਾ ਕਿਸਾਨੀ ਸਭਿਆਚਾਰ ਦੀ ਚੇਤਨਾ ਦਾ ਹਿੱਸਾ ਨਹੀਂ ਬਣ ਸਕਿਆ। ਔਰਤ ਉਨ੍ਹਾਂ ਲਈ ਨਿਰੋਲ ਇਕ ਵਸਤੂ ਹੈ। 'ਕਿੱਥੇ ਗਏ' ਕਹਾਣੀ ਵਿਚ ਸ਼ਿੰਗਾਰੀ ਦੇ ਬਚਨੇ ਨੂੰ ਕਹੇ ਬੋਲ ਇਸ ਮਰਦ ਮਾਨਸਿਕਤਾ ਨੂੰ ਚੰਗੀ ਤਰ੍ਹਾਂ ਉਜਾਗਰ ਕਰਦੇ ਹਨ, ''ਔਖਾ ਸੌਖਾ ਹੋ ਕੇ ਦੋ ਸਾਲ ਪੈਸੇ ਜੋੜ ਲਾ . . . ਜਿਵੇਂ ਚੱਲਦਾ ਸਾਈਕਲ ਲੈ ਲਿਆ, ਏਦਾਂ ਕਿਤੇ ਚੱਲਦੀ ਜਨਾਨੀ ਮਿਲ ਜੂ। ਪੈਸੇ ਨੂੰ ਕੀ ਨਹੀਂ ਮਿਲਦਾ ਅੱਜ ਦੇ ਜ਼ਮਾਨੇ 'ਚ।''[90]

ਸੰਧੂ ਦੀਆਂ ਕਹਾਣੀਆਂ ਵਿਚ ਪਰਿਵਾਰਿਕ ਜੀਵਨ ਭੋਗਦੀਆਂ ਬਹੁਤੀਆਂ ਔਰਤਾਂ ਮੁਸ਼ੱਕਤ ਤੇ ਪੀੜਾਂ ਭਰਿਆ ਜੀਵਨ ਜਿਊਂਦੀਆਂ ਹਨ। 'ਕਿੱਥੇ ਗਏ', 'ਸੁਨਹਿਰੀ ਕਿਣਕਾ' ਤੇ 'ਡੁੰਮ੍ਹ' ਵਿਚ ਕ੍ਰਮਵਾਰ ਬਚਨੇ, ਫੌਜੂ ਤੇ ਤਾਰੇ ਦੀਆਂ ਮਾਵਾਂ ਅਜਿਹੀਆਂ ਹੀ ਔਰਤਾਂ ਹਨ ਜਿਨ੍ਹਾਂ ਦੇ ਜੀਵਨ ਵਿਚ ਕਿਤੇ ਵੀ ਸੁਨਹਿਰੀ ਸੁਪਨੇ ਦੀ ਕੋਈ ਕਾਤਰ ਨਜ਼ਰ ਨਹੀਂ ਆਉਂਦੀ। ਉਹ ਘੋਰ ਉਦਾਸੀ ਤੇ ਨਿਰਾਸ਼ਾ ਭਰਿਆ ਜੀਵਨ ਜਿਉਂਦੀਆਂ ਹਨ। ਕਿਰਤੀ ਵਰਗ ਦੀਆਂ ਔਰਤਾਂ ਦੀ ਹੋਣੀ ਹੋਰ ਵੀ ਉਦਾਸ ਕਰਨ ਵਾਲੀ ਹੈ। 'ਕਾਲੀ ਧੁੱਪ' ਵਿਚ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨ ਲਈ ਮਾਵਾਂ ਧੀਆਂ ਵੱਢਾਂ ਵਿਚੋਂ ਸਿੱਟੇ ਚੁਗਦੀਆਂ ਹਨ। 'ਨੌਂ ਬਾਰਾਂ ਦਸ' ਵਿਚ ਧੰਤੋ ਪੱਠਿਆਂ ਦੀ ਭਰੀ ਜਾਂ ਸਾਗ ਦੀ ਚੀਰਨੀ ਲਈ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋਣ ਲਈ ਮਜਬੂਰ ਹੈ ਤੇ ਇਹੀ ਸੰਬੰਧ ਉਸਦੀ ਜਾਨ ਦਾ ਖੌ ਵੀ ਬਣ ਜਾਂਦੇ ਹਨ। ਵਰਿਆਮ ਸਿੰਘ ਸੰਧੂ ਦੱਬੀ ਤੇ ਦਲ਼ੀ-ਮਲ਼ੀ ਔਰਤ ਦਾ ਯਥਾਰਥਕ ਚਿੱਤਰ ਪੇਸ਼ ਕਰਦਾ ਹੈ, ਪਰ ਇਸਦੇ ਬਾਵਜੂਦ ਉਸਦਾ ਮਨ ਔਰਤ ਪ੍ਰਤਿ ਬਹੁਤ ਹੱਸਾਸ ਹੈ। ਉਹ ਅਜਿਹੀਆਂ ਔਰਤਾਂ ਦੇ ਗਲਪ-ਬਿੰਬ ਵੀ ਪੇਸ਼ ਕਰਦਾ ਹੈ ਜਿਹੜੀਆਂ ਮਰਦ ਜਾਂ ਸਿਸਟਮ ਹੱਥੋਂ ਦੁੱਖ ਭੋਗਦੀਆਂ ਹੋਈਆਂ ਵੀ ਆਪਣਾ ਸਵੈਮਾਣ ਨਹੀਂ ਤਿਆਗਦੀਆਂ। 'ਵਾਪਸੀ' ਦੀ ਨਿੰਦਰੋ ਅਜਿਹੀ ਹੀ ਔਰਤ ਹੈ ਜਿਸਦਾ ਪਤੀ ਉਸ 'ਤੇ ਝੂਠੀ ਤੁਹਮਤ ਲਾ ਕੇ ਉਸਦਾ ਤੇ ਘਰ ਦਾ ਤਿਆਗ ਕਰ ਦੇਂਦਾ

ਹੈ। ਸੱਚੀ-ਸੁੱਚੀ ਹੋਣ ਦੇ ਬਾਵਜੂਦ ਉਸਦਾ ਸਵੈਮਾਣ ਇਹ ਸਵੀਕਾਰ ਨਹੀਂ ਕਰਦਾ ਕਿ ਉਹ ਪਤੀ ਦੀ ਝੂਠੀ ਤੁਹਮਤ ਦਾ ਸਪੱਸ਼ਟੀਕਰਣ ਦਿੰਦੇ ਫਿਰੇ। ਪਤੀ ਤੋਂ ਬ਼ਗੈਰ ਹਾਲਾਤ ਦਾ ਸਾਹਮਣਾ ਕਰਦੀ ਹੈ। ਉਹ ਭਗੌੜੇ ਪਤੀ ਦਾ ਪਿੱਛੇ ਛੱਡਿਆ ਪਰਿਵਾਰ ਪਾਲਦੀ ਹੈ। 'ਦਲਦਲ' ਦੇ ਮੁੱਖ ਪਾਤਰ ਦੀ ਪਤਨੀ ਅਜਿਹੀ ਔਰਤ ਹੈ ਜੋ ਪਿੰਡ ਵਿਚ ਨੰਗੀ ਕਰਕੇ ਅਪਮਾਨਤ ਕੀਤੀ ਔਰਤ ਨੂੰ ਇਨਸਾਫ਼ ਦਿਵਾਉਣ ਲਈ ਸੁਚੇਤ ਤੌਰ 'ਤੇ ਪਤੀ ਨੂੰ ਵੰਗਾਰਦੀ ਹੈ।

ਸਮਾਜਕ ਤੇ ਇਨਸਾਨੀ ਤੌਰ 'ਤੇ ਔਰਤ ਦੇ ਗੌਣ ਸਰੂਪ ਦਾ ਗਲਪ-ਬਿੰਬ ਪੇਸ਼ ਕਰਨ ਦੇ ਬਾਵਜੂਦ ਸੰਧੂ ਦਾ ਨਜ਼ਰੀਆ ਪਰਿਵਾਰ ਤੇ ਸਮਾਜਕ ਉਸਾਰੀ ਵਿਚ ਔਰਤ ਦੇ ਮਹੱਤਵ ਨੂੰ ਪਰਵਾਨ ਕਰਦਾ ਹੈ। ਉਹ ਔਰਤ-ਮਰਦ ਦੇ ਆਪਸੀ ਰਿਸ਼ਤੇ ਵਿਚ ਔਰਤ ਦੀ ਅਣਹੋਂਦ ਦੇ ਪ੍ਰਸੰਗ ਵਿਚ ਮਰਦ ਦੇ ਮਾਨਸਿਕ ਤੇ ਸਮਾਜਕ ਸੰਤੁਲਨ ਦੇ ਗੜਬੜਾ ਜਾਣ ਦੇ ਚਿੱਤਰ ਵੀ ਬਹੁਤ ਮੁਹਾਰਤ ਨਾਲ ਪੇਸ਼ ਕਰਦਾ ਹੈ। ਉਹ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਕਿ ਔਰਤ ਤੋਂ ਬਿਨਾਂ ਮਰਦ ਦੀ ਹੋਂਦ ਕਦੇ ਵੀ ਸੰਪੂਰਨ ਨਹੀਂ ਹੋ ਸਕਦੀ। ਉਸਦੀਆਂ ਕਹਾਣੀਆਂ ਵਿਚ ਜਿੱਥੇ-ਜਿੱਥੇ ਕੋਈ ਪਾਤਰ ਆਪਣੀ ਆਰਥਕ ਜਾਂ ਸਮਾਜਕ ਮਜਬੂਰੀ ਕਾਰਣ ਵਿਆਹਿਆ ਨਹੀਂ ਜਾਂਦਾ ਜਾਂ ਔਰਤ ਦੇ ਸਾਥ ਤੋਂ ਵਿਰਵਾ ਰਹਿ ਜਾਂਦਾ ਹੈ ਉਸਦੀ ਜ਼ਿੰਦਗੀ ਬੇ-ਰਸ ਤੇ ਅਧੂਰੀ ਨਜ਼ਰ ਆਉਂਦੀ ਹੈ। ਔਰਤ-ਮਰਦ ਦੀ ਬੁਨਿਆਦੀ ਲੋੜ ਹੈ। 'ਕਿੱਥੇ ਗਏ' ਵਿਚ ਬਚਨੇ ਦੀ ਦਿਲੀ ਤਾਂਘ ਹੈ ਕਿ ਉਸਦੇ ਘਰ ਸੋਹਣੀ ਵਹੁਟੀ ਹੋਵੇ। ਪਰ ਅਜਿਹੀ ਪਤਨੀ ਨੂੰ ਵਾਸਤਵ ਵਿਚ ਪ੍ਰਾਪਤ ਨਾ ਕਰ ਸਕਣ ਕਰਕੇ ਉਹ ਅਤ੍ਰਿਪਤੀ ਦਾ ਡੂੰਘਾ ਸੰਤਾਪ ਭੋਗਦਾ ਹੈ। 'ਸੁਨਹਿਰੀ ਕਿਣਕਾ' ਦੇ ਫ਼ੌਜੂ ਦੀ ਹਾਲਤ ਵੀ ਇਸ ਤੋਂ ਵੱਖਰੀ ਨਹੀਂ, ''ਹਲ ਵਾਹੁੰਦਿਆਂ ਜਦੋਂ ਹੋਰਨਾਂ ਦੀਆਂ ਪਤਨੀਆਂ ਰੋਟੀ ਲੈ ਕੇ ਆਉਂਦੀਆਂ ਤਾਂ ਉਹ ਜੋੜਿਆਂ ਨੂੰ ਕਲੋਲ ਕਰਦੇ ਵੇਖਦਾ। ਪੰਜਾਲੀ ਨਾਲ ਬੱਝੀ ਰੋਟੀ ਖੋਲ੍ਹ ਕੇ ਉਹ ਬੁਰਕੀ ਤੋੜ ਕੇ ਮੂੰਹ ਵਿਚ ਪਾਉਂਦਾ ਤਾਂ ਬੁਰਕੀ ਉਹਦੇ ਸੰਘ ਵਿਚ ਫੁੱਲਦੀ ਜਾਂਦੀ। ਕਦੀ ਉਸਦੀ ਵੀ ਕੋਈ ਰੋਟੀ ਲੈ ਕੇ ਆਵੇਗੀ। ਉਹ ਸੋਚਦਾ ਤੇ ਹਉਕਾ ਭਰ ਕੇ ਚੁੱਪ ਹੋ ਜਾਂਦਾ।''[91]

ਇਨ੍ਹਾਂ ਪਾਤਰਾਂ ਦੀ ਅਤ੍ਰਿਪਤੀ ਨੂੰ ਜਦੋਂ ਭਾਵੁਕ ਨਿਕਾਸ ਮਿਲਦਾ ਹੈ ਤਾਂ ਉਨ੍ਹਾਂ ਦੇ ਜੀਵਨ ਦਾ ਰੰਗ-ਢੰਗ ਹੀ ਬਦਲ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਸਮਾਜਕ ਤੌਰ 'ਤੇ ਪ੍ਰਵਾਨਿਤ ਔਰਤ-ਮਰਦ ਸੰਬੰਧਾਂ ਦੇ ਅਭਾਵ ਅਜਿਹੇ ਮਰਦ ਲਈ ਤ੍ਰਿਪਤੀ ਦਾ ਰਾਹ ਗ਼ੈਰ-ਸਮਾਜੀ ਜਾਂ ਅਪ੍ਰਵਾਨਿਤ ਸੰਬੰਧ ਹੀ ਰਹਿ ਜਾਂਦੇ ਹਨ। 'ਸੁਨਹਿਰੀ ਕਿਣਕਾ' ਦੇ ਫੌਜੂ ਦਾ ਰਿਸ਼ਤਾ ਜਦੋਂ ਸ਼ਾਹਣੀ ਨਾਲ ਜਾਂ ਆਪਣੀ ਭਰਜਾਈ ਗੁਰੋ ਨਾਲ ਸਥਾਪਤ ਹੋ ਜਾਂਦਾ ਹੈ ਤਾਂ ਉਸਦੇ ਵਿਹਾਰ ਵਿਚ ਗੁਣਾਤਮਕ ਤਬਦੀਲੀ ਵਾਪਰਦੀ ਹੈ, ''ਫੌਜੂ ਨੂੰ ਜਿਵੇਂ ਖੰਭ ਲੱਗ ਗਏ ਸਨ। ਉਹ ਉਡੂੰ ਉਡੂੰ ਕਰਦਾ ਫਿਰਦਾ। ਹਲ ਵਾਹ ਕੇ, ਆ ਕੇ ਉਹ ਕਈ ਵਾਰ ਗੁਰਦਵਾਰੇ ਦੀ ਖੂਹੀ ਤੇ ਸਾਬਣ ਲੈ ਜਾ ਕੇ ਨਹਾਉਂਦਾ, ਤੇਲ ਲਾਉਂਦਾ ਤੇ ਸੁਥਰੇ ਕੱਪੜੇ ਪਾ ਕੇ ਘੜੀ ਦੀ ਘੜੀ ਤਖਤ ਪੋਸ਼ ਤੇ ਬਹਿ ਕੇ ਲੋਕਾਂ ਦੀਆਂ ਅਲੂਣੀਆਂ-ਸਲੂਣੀਆਂ ਸੁਣਦਾ ਸਵਾਦ ਲੈਂਦਾ।''[92]

ਜ਼ਾਹਰ ਹੈ ਕਿ ਔਰਤ ਦਾ ਸਹਿਜ ਸਾਥ ਮਰਦ ਅੰਦਰ ਸੁੱਤੀਆਂ ਸ਼ਕਤੀਆਂ ਜਗਾ ਕੇ ਉਸਨੂੰ ਉੱਡਣ ਲਾ ਸਕਦਾ ਹੈ। ਸੰਧੂ ਦੀ ਵਿਸ਼ੇਸ਼ਤਾ ਹੈ ਕਿ ਉਹ ਭਾਵਕ ਪੂਰਤੀ ਲਈ ਅਜਿਹੇ ਗ਼ੈਰ ਸਮਾਜੀ ਸੰਬੰਧਾਂ ਨੂੰ ਸਦਾਚਾਰਕ ਮਰਯਾਦਾ ਭੰਜਨ ਦੇ ਪੈਂਤੜੇ ਤੋਂ ਨਹੀਂ ਚਿਤਰਦਾ। ਉਹ ਤਾਂ ਕੇਵਲ ਔਰਤ ਮਰਦ ਰਿਸ਼ਤੇ ਵਿਚ ਸਰੀਰਕ ਤੇ ਮਾਨਸਕ ਸੰਤੁਲਨ ਬਣੇ ਰਹਿਣ ਦੀ ਲੋੜ ਬਿਆਨਦਾ ਹੈ ਤੇ ਅਸਿੱਧੇ ਤਰੀਕੇ ਨਾਲ ਉਸ ਆਰਥਕ-ਸਮਾਜਕ ਪ੍ਰਬੰਧ ਨੂੰ ਵਿਅੰਗ ਦੀ ਮਾਰ ਹੇਠ ਲਿਆਉਂਦਾ ਹੈ ਜਿਸ ਪ੍ਰਬੰਧ ਅਧੀਨ ਮਰਦ-ਔਰਤ ਦੇ ਸੁਭਾਵਕ ਸਾਥ ਦੇ ਰਾਹ ਵਿਚ ਰੁਕਾਵਟਾਂ ਖੜੀਆਂ ਹੋ ਜਾਂਦੀਆਂ ਹਨ ਤੇ ਫਲਸਰੂਪ ਉਨ੍ਹਾਂ ਦੀ ਸ਼ਖ਼ਸੀਅਤ ਸੰਤੁਲਿਤ ਰੂਪ ਧਾਰਨ ਕਰਨ ਦੀ ਥਾਂ ਉਲਾਰ ਤੇ ਅ-ਸੰਤੁਲਿਤ ਹੋ ਜਾਂਦੀ ਹੈ। ਅਜਿਹੀ ਲੋੜ ਕੇਵਲ ਮਰਦ ਦੀ ਹੀ ਨਹੀਂ, ਸਗੋਂ ਔਰਤ ਦੀ ਵੀ ਹੈ। 'ਸੁਨਹਿਰੀ ਕਿਣਕਾ' ਵਿਚ ਸ਼ਾਹਣੀ ਦੇ ਗ਼ੈਰ ਸਮਾਜਕ ਵਿਹਾਰ ਪਿੱਛੇ ਉਸਦੇ ਪਤੀ ਦੇ ਉਮਰੋਂ ਵਡੇਰੇ ਹੋਣ ਦਾ ਤਰਕ ਸਿਰਜਿਆ ਗਿਆ ਹੈ ਤੇ ਗੁਰੋ ਦੇ ਫੌਜੂ ਨਾਲ ਸੰਬੰਧਾਂ ਪਿੱਛੇ ਉਸਦੇ ਪਤੀ ਦੀ ਲੰਮੀ ਗ਼ੈਰ-ਹਾਜ਼ਰੀ ਤੇ ਉਹਦੇ ਜਾਇਦਾਦ ਦੇ ਲਾਲਚੀ ਬਣ ਗਏ ਪਤੀ ਪ੍ਰੀਤਮ ਸਿੰਘ ਦੀ ਖਾਮੋਸ਼ ਪ੍ਰਵਾਨਗੀ ਵੀ ਇਸ

ਵਿਚ ਸ਼ਾਮਲ ਹੈ। 'ਵਾਪਸੀ' ਵਿਚ ਕਰਮ ਕੌਰ ਵੱਲੋਂ ਪਹਿਲਾਂ ਸੰਤਾ ਸਿੰਘ ਨਾਲ ਸੰਬੰਧ ਬਨਾਉਣ ਦੀ ਕੋਸ਼ਿਸ਼ ਤੇ ਪਿੱਛੋਂ ਮੇਜਾ ਸਿੰਘ ਨਾਲ ਸੰਬੰਧ ਕਾਇਮ ਕਰਨ ਪਿੱਛੇ ਵੀ ਕਾਰਣ ਇਹੋ ਹੈ ਕਿ ਉਹ ਔਰਤ ਹੋਣ ਕਰਕੇ ਬੱਚਾ ਪੈਦਾ ਕਰਨ ਦੀ ਪ੍ਰਕ੍ਰਿਤਿਕ ਤੇ ਵਾਜਬ ਖ਼ਾਹਿਸ਼ ਰੱਖਦੀ ਹੈ ਤੇ ਉਸਦਾ ਪਤੀ ਇਹ ਖ਼ਾਹਿਸ਼ ਪੂਰੀ ਕਰਨੋਂ ਅਸਮਰਥ ਹੈ। ਅਜਿਹੇ ਗ਼ੈਰ-ਸਮਾਜਕ ਸੰਬੰਧ ਕਾਇਮ ਕਰਨ ਵਾਲੇ ਉਸਦੇ ਪਾਤਰ ਨਾ ਤਾਂ ਦੁੱਧ ਧੋਤੇ ਹੀ ਹਨ ਤੇ ਨਾ ਹੀ ਬਦਇਖ਼ਲਾਕ ਜਾਂ ਬਦਚਲਣ। ਉਹ ਹਾਲਾਤ ਦੇ ਦਬਾਓ ਹੇਠ ਹੀ ਕਾਰਜਸ਼ੀਲ ਹੁੰਦੇ ਹਨ। ਅਸਲ ਵਿਚ ਸੰਧੂ ਆਪਣੀਆਂ ਕਹਾਣੀਆਂ ਵਿਚ ਇਹ ਦੱਸਣਾ ਚਾਹੁੰਦਾ ਹੈ ਕਿ ਔਰਤ ਮਰਦ ਇਕ ਦੂਜੇ ਦੇ ਸਾਥ ਵਿਚ ਹੀ ਮੁਕੰਮਲ ਅਤੇ ਪੂਰੇ ਹੁੰਦੇ ਹਨ। ਇਕ ਦੂਜੇ ਦੇ ਵਾਜਬ ਸਾਥ ਤੋਂ ਵਿਯੋਗੇ ਤੇ ਵਿਛੁੰਨੇ ਰਹਿਣ ਨਾਲ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਗਸਣ ਤੇ ਪੂਰਨ ਰੂਪ ਵਿਚ ਖਿੜਨ ਤੇ ਮਹਿਕਣ ਦੀਆਂ ਸੰਭਾਵਨਾਵਾਂ ਅਸਲੋਂ ਮੱਧਮ ਹੋ ਜਾਂਦੀਆਂ ਹਨ।

ਵਰਿਆਮ ਸਿੰਘ ਸੰਧੂ ਦੀ ਕਹਾਣੀ ਵਿਚ ਕਿਸਾਨੀ ਸਮਾਜ ਵਿਚ ਵਿਚਰਦੀ ਔਰਤ ਦਾ ਸਰਬਾਂਗੀ ਗਲਪ ਬਿੰਬ ਪੇਸ਼ ਹੋਇਆ ਹੈ। ਇਸ ਸਮਾਜ ਵਿਚ ਲੋਕ ਸਮਾਜਕ ਰਿਸ਼ਤਿਆਂ ਵਿਚ ਬੱਝੇ ਹੋਏ ਹਨ। ਪਿੰਡ ਦੀ ਧੀ ਸਾਰੇ ਪਿੰਡ ਦੀ ਧੀ-ਭੈਣ ਸਮਝੇ ਜਾਣ ਦਾ ਜੀਵਨ ਮੁੱਲ ਵੀ ਪ੍ਰਚੱਲਤ ਹੈ। ਕਈ ਕਹਾਣੀਆਂ ਵਿਚ ਇਸ ਜੀਵਨ ਮੁੱਲ ਦੇ ਦੀਦਾਰ ਵੀ ਹੁੰਦੇ ਹਨ। 'ਦਲਦਲ' ਕਹਾਣੀ ਵਿਚ ਹੀ ਮੁੱਖ ਪਾਤਰ ਦੇ ਮਰ ਚੁੱਕੇ ਹਮ-ਜਮਾਤੀ ਦੀ ਧੀ ਨੂੰ ਸਾਰਾ ਪਿੰਡ 'ਪਿੰਡ ਦੀ ਧੀ' ਸਮਝ ਕੇ ਵਿਆਹ ਰਿਹਾ ਹੈ। ਮੁੱਖ ਪਾਤਰ ਖ਼ੁਦ ਉਸਦੇ ਵਿਆਹ ਦੀਆਂ ਰਸਮਾਂ ਵਿਚ ਸ਼ਾਮਲ ਹੋਣ ਲਈ ਤੇ ਵਿਆਹ ਦੇ ਸ਼ਗਨ ਦੇਣ ਲਈ ਸੁਗਾਤਾਂ ਲੈ ਕੇ ਆਉਂਦਾ ਹੈ। ਕਿਸਾਨੀ ਸਮਾਜ ਦੇ ਔਰਤ ਪ੍ਰਤਿ ਦੂਹਰੇ ਤੇ ਦ੍ਵੰਦਾਤਮਕ ਰਵੱਈਏ ਦੀ ਝਲਕ ਇਸ ਤੱਥ ਤੋਂ ਮਿਲ ਜਾਂਦੀ ਹੈ ਕਿ 'ਦਲਦਲ' ਕਹਾਣੀ ਵਿਚ ਇਕ ਪਾਸੇ ਤਾਂ ਧੀ-ਭੈਣ ਨੂੰ 'ਕੱਜਣਾ' ਪਿੰਡ ਵਾਸੀਆਂ ਦਾ ਫ਼ਰਜ਼ ਹੈ ਉੱਥੇ ਵਿਡੰਬਨਾ ਇਹ ਵੀ ਹੈ ਕਿ ਇਸ ਮੁੱਲ ਦਾ ਮਾਣ ਕਰਨ ਵਾਲੇ ਓਸੇ ਪਿੰਡ ਵਿਚ ਹੀ ਔਰਤ ਨੂੰ ਨੰਗਿਆਂ ਕਰਕੇ ਵੀ ਫੇਰਿਆ ਜਾਂਦਾ ਹੈ।

'ਰਿਮਝਿਮ ਪਰਬਤ' ਵਿਚ ਵੀ ਦੇਸ਼ ਵੰਡ ਸਮੇਂ ਪਿੰਡ ਦੀ ਉਧਾਲੀ ਮੁਸਲਮਾਨ ਲੜਕੀ ਨੂੰ ਲੁਟੇਰਿਆਂ ਹੱਥੋਂ ਬਚਾ ਕੇ ਸਾਰਾ ਪਿੰਡ ਉਸਨੂੰ ਪਿੰਡ ਦੀ ਧੀ ਬਣਾ ਕੇ ਤੋਰਦਾ ਹੈ, ਹਾਲਾਂਕਿ ਉਸ ਸਮੇਂ ਔਰਤਾਂ ਦੀਆਂ ਇੱਜ਼ਤਾਂ ਲੁੱਟੀਆਂ ਜਾ ਰਹੀਆਂ ਸਨ। ਜ਼ਿੰਦਗੀ ਦੀ ਹਕੀਕਤ ਰੇਖਾ ਸਰਲ ਤੇ ਸੁਖਾਵੀਂ ਨਹੀਂ, ਬਹੁਤ ਜਟਿਲ ਹੈ ਤੇ ਇੰਜ ਹੀ ਬੰਦੇ ਦੇ ਸੁਭਾਅ ਤੇ ਮਸਲਿਆਂ ਬਾਰੇ ਉਸਦੀ ਪਹੁੰਚ ਵੀ ਇਕਮੁਖੀ ਨਹੀਂ। ਸੰਧੂ ਦੀ ਕਹਾਣੀ ਕਲਾ ਦਾ ਇਹੀ ਗੁਣ ਹੈ ਕਿ ਉਹ ਕਿਸੇ ਵੀ ਸਥਿਤੀ ਨੂੰ ਉਸਦੀ ਸਮੱਗਰਤਾ ਵਿਚ ਪੇਸ਼ ਕਰਨ ਸਕਣ ਦੇ ਸਮਰਥ ਹੈ।

ਸੰਧੂ ਦੀਆਂ ਕਹਾਣੀਆਂ ਵਿਚ ਕਿਸਾਨੀ ਸਮਾਜ ਦੇ ਸਾਰੇ ਹੀ ਪੱਖ ਘੱਟ-ਵੱਧ ਰੂਪ ਵਿਚ ਪੇਸ਼ ਹੋਏ ਹਨ। ਕਿਸਾਨੀ ਸਮਾਜ ਵਿਚ ਭਰਾਵਾਂ ਦਾ ਆਪਸ ਵਿਚਲਾ ਦਵੰਦਾਤਮਕ ਰਿਸ਼ਤਾ ਹਮੇਸ਼ਾ ਹੀ ਜ਼ਿਕਰਯੋਗ ਰਿਹਾ ਹੈ। ਭਰਾ ਭਰਾਵਾਂ ਦੀਆਂ ਬਾਹਵਾਂ ਵੀ ਹੁੰਦੇ ਹਨ ਤੇ ਮੌਕਾ ਪੈਣ 'ਤੇ ਭਰਾਵਾਂ ਵਰਗਾ ਹੋਰ ਕੋਈ ਦੁਸ਼ਮਣ ਵੀ ਨਹੀਂ ਹੁੰਦਾ। ਬਕੌਲ ਵਾਰਿਸ ਸ਼ਾਹ, "ਭਾਈ ਢਾਹੁੰਦੇ ਤੇ ਭਾਈ ਉਸਾਰਦੇ ਨੇ।" ਸੰਧੂ ਦੀਆਂ ਕਹਾਣੀਆਂ ਵਿਚ ਵੀ ਇਹ ਰਿਸ਼ਤਾ ਇਸੇ ਭਰਪੂਰਤਾ ਤੇ ਬਹੁ-ਪਰਤੀ ਅਰਥਾਂ ਵਿਚ ਚਿਤ੍ਰਿਆ ਗਿਆ ਹੈ। ਅਸਲ ਵਿਚ ਪੈਸਾ ਕੀਮਤਾਂ ਦੇ ਪ੍ਰਵੇਸ਼ ਨਾਲ ਇਹ ਰਿਸ਼ਤਾ ਮੋਹ-ਮੁਹੱਬਤ ਦੀ ਥਾਂ 'ਲਾਭ ਹਾਨੀ' ਦੇ ਸਵਾਲ ਜਿਹਾ ਬਣ ਗਿਆ ਹੈ। 'ਨੌ ਬਾਰਾਂ ਦਸ' ਦੇ ਨਿੰਦਰ ਨਾਲ ਜਦੋਂ ਉਸਦੇ ਮਰ ਗਏ ਭਰਾ ਸੱਜਣ ਦੀ ਮੰਗੇਤਰ ਵਿਆਹੁਣ ਲਈ ਸੱਜਣ ਦੇ ਸਹੁਰੇ ਨਹੀਂ ਮੰਨਦੇ ਤਾਂ ਨਿੰਦਰ ਦੇ ਮੂੰਹੋਂ ਸਹਿਵਨ ਹੀ ਨਿਕਲ ਜਾਂਦਾ ਹੈ, "ਸਾਨੂੰ ਭਰਾ ਮਰਨ ਦਾ ਫਿਰ ਕੀ ਫ਼ਾਇਦਾ ਹੋਇਆ?"[93] 'ਆਪਣਾ ਆਪਣਾ ਹਿੱਸਾ' ਵਿਚਲੇ ਘੁੱਦੂ ਦੇ ਭੈਣ ਤੇ ਭਰਾਵਾਂ ਦਾ ਰਿਸ਼ਤਾ ਵੀ ਪੈਸੇ ਆਧਾਰਤ 'ਲਾਭ ਹਾਨੀ' ਵਾਲਾ ਹੋ ਜਾਣ ਕਰਕੇ ਅਪਣੱਤ ਰਹਿਤ ਹੋ ਜਾਂਦਾ ਹੈ। ਦੂਜੇ ਪਾਸੇ, ਜੱਟ ਸਭਿਆਚਾਰ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਭਰਾ ਆਪਸ ਵਿਚ ਲੱਖ ਵਾਰ ਲੜੇ ਹੋਣ, ਪਰ ਜੇ ਸ਼ਰੀਕੇ ਭਾਈਚਾਰੇ ਨਾਲ ਇਕ ਭਰਾ ਦਾ ਝਗੜਾ ਹੋ ਜਾਵੇ ਤਾਂ ਰੁੱਸੇ ਹੋਏ ਭਰਾ ਵੀ ਬਿਨਾਂ ਸੱਦਿਆਂ ਮਦਦ 'ਤੇ ਆ ਬਹੁੜਦੇ ਹਨ। 'ਮੈਂ ਹੁਣ ਠੀਕ ਠਾਕ ਹਾਂ' ਵਿਚ ਪਟਵਾਰੀਆਂ ਨਾਲ ਹੋਈ ਲੜਾਈ

ਵਿਚ ਜੋਗਿੰਦਰ ਦੇ ਪਿਉ ਉੱਤੇ ਹੋਏ ਵਾਰ ਨੂੰ ਉਸਦਾ ਆਪਣਾ ਰੁੱਸਿਆ ਹੋਇਆ ਭਰਾ ਕਰਮ ਸਿੰਘ ਇਹ ਕਹਿ ਕੇ ਰੋਕਦਾ ਹੈ, "ਸਮੁੰਦੇ ਆਲਿਆ, ਪੁੱਤ ਅੱਗੇ ਵਧ ਕੇ ਵੇਖ ਰਤਾ। ਇਹ ਨਾ ਸਮਝੀ ਕਿ ਭਰਾਵਾਂ 'ਚ ਵੱਟ ਆ ਤੇ ਤੂੰ 'ਕੱਲਾ' ਵੇਖ ਕੇ ਮੇਰੇ ਭਰਾ ਨੂੰ ਥੱਲੇ ਲਾ ਲੇਂਗਾ।"[94] ਇੰਜ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਕਿਸਾਨੀ ਸੁਭਾਅ ਦੀਆਂ ਬਹੁ-ਪਰਤੀ ਝਲਕਾਂ ਮਿਲ ਜਾਂਦੀਆਂ ਹਨ। ਸੱਚੀ ਗੱਲ ਤਾਂ ਇਹ ਹੈ ਕਿ, "ਪੇਂਡੂ ਕਿਰਸਾਣੀ ਦੇ ਆਰਥਕ ਰਿਸ਼ਤਿਆਂ ਦੇ ਬਦਲ ਰਹੇ ਯਥਾਰਥ ਨੂੰ ਪੇਸ਼ ਕਰਨ ਦੇ ਨਾਲ-ਨਾਲ ਸੰਧੂ ਨੇ ਉਨ੍ਹਾਂ ਸਭਿਆਚਾਰਕ ਵੇਰਵਿਆਂ ਨੂੰ ਵੀ ਕਹਾਣੀਆਂ ਵਿਚ ਸਮੋਇਆ ਹੈ ਜੋ ਕਿਰਸਾਣੀ ਜੀਵਨ ਦੇ ਸੱਚ ਨੂੰ ਪਰਿਪੂਰਨਤਾ ਪ੍ਰਦਾਨ ਕਰਨ ਵਿਚ ਸਹਾਇਕ ਹੁੰਦੇ ਹਨ। . . . ਹੇਠਲੀ ਕਿਰਸਾਣੀ ਦੇ ਬਹੁਤ ਸਾਰੇ ਪੱਖਾਂ ਦੀ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਅਭਿਵਿਅਕਤੀ ਹੋਈ ਹੈ।"[95]

ਸੰਧੂ ਦੀਆਂ ਕਹਾਣੀਆਂ ਵਿਚ ਆਪਣੇ ਵਿਵਧ ਰੰਗਾਂ ਸਮੇਤ ਕਿਸਾਨੀ ਜੀਵਨ ਤਾਂ ਪੇਸ਼ ਹੋਇਆ ਹੀ ਹੈ ਨਾਲ ਦੀ ਨਾਲ ਪਿੰਡ ਦੀ ਪ੍ਰਕ੍ਰਿਤਿਕ ਅੱਕਾਸੀ ਦੇ ਜਿਹੜੇ ਦ੍ਰਿਸ਼ ਸੰਧੂ ਦੀਆਂ ਕਹਾਣੀਆਂ ਵਿਚ ਮਿਲਦੇ ਹਨ ਉਹ ਸ਼ਾਇਦ ਕਿਸੇ ਹੋਰ ਕਥਾਕਾਰ ਦੀ ਸਿਰਜਣਾ ਦਾ ਭਾਗ ਨਹੀਂ ਬਣ ਸਕੇ। 'ਜਮਰੌਦ' ਵਿਚ ਅਮਰ ਸਿੰਘ ਵੱਲੋਂ 'ਅੰਬ ਦੇ ਗਲ ਲਗ ਕੇ ਰੋਣ ਦੀ ਘਟਨਾ' ਇਹ ਵੀ ਸਿੱਧ ਕਰਦੀ ਹੈ ਕਿ 'ਰੁੱਖ ਬੋਲ ਨਾ ਸਕਦੇ ਭਾਵੇਂ, ਬੰਦਿਆਂ ਦਾ ਦੁੱਖ ਜਾਣਦੇ' ਅਨੁਸਾਰ ਪ੍ਰਕ੍ਰਿਤੀ ਮਨੁੱਖਾਂ ਵਾਂਗ ਹੀ ਦੁੱਖ ਦੇ ਸਮਿਆਂ ਵਿਚ ਕਿਸਾਨੀ ਦਾ ਧਰਵਾਸ ਤੇ ਧਿਰ ਬਣਦੀ ਹੈ। ਬਹੁਤ ਸਾਰੀਆਂ ਕਹਾਣੀਆਂ ਵਿਚ ਖੇਤਾਂ ਦੇ, ਪਿੰਡ ਦੇ ਤੇ ਪ੍ਰਕ੍ਰਿਤੀ ਦੇ ਦ੍ਰਿਸ਼, ਏਨੀ ਸਹਿਜਤਾ ਤੇ ਸਜੀਵਤਾ ਨਾਲ ਪੇਸ਼ ਹੋਏ ਹਨ ਜਿਸ ਤੋਂ ਸਾਫ਼ ਲਗਦਾ ਹੈ ਕਿ ਲੇਖਕ ਕੋਲ ਇਸ ਜੀਵਨ ਦਾ ਨੇੜਲਾ ਤੇ ਪ੍ਰਮਾਣਿਕ ਅਨੁਭਵ ਹੈ। ਦੂਜੇ ਪਾਸੇ ਇਸ ਤੋਂ ਇਹ ਅਨੁਮਾਨ ਵੀ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਲੇਖਕ ਦਾ ਪ੍ਰਕ੍ਰਿਤੀ ਨਾਲ ਲਗਾਓ ਤੇ ਅਪਣੱਤ ਦਾ ਰਿਸ਼ਤਾ ਬਹੁਤ ਗਹਿਰਾ ਹੈ, "ਪਰ ਇਹਨਾਂ ਕਹਾਣੀਆਂ ਵਿਚ ਕਿਧਰੇ ਵੀ ਆਤਿਸ਼ੀ ਰੁਮਾਂਸ ਤੇ ਬੇ-ਲੋੜੀ ਕਾਵਿਕਤਾ ਦਾ ਅਜਿਹਾ ਝਲਕਾਰਾ ਨਹੀਂ ਜੋ ਕਹਾਣੀ ਦੇ

ਯਥਾਰਥਵਾਦੀ ਸੁਹਜ ਉੱਤੇ ਬੱਜ ਬਣਦਾ ਹੋਵੇ।''[96]

ਪ੍ਰਕ੍ਰਿਤੀ ਅਨੇਕਾਂ ਵਾਰ ਉਸਦੀਆਂ ਕਹਾਣੀਆਂ ਵਿਚ ਪਾਤਰ ਦੀ ਮਾਨਸਿਕਤਾ ਦੇ ਪ੍ਰਗਟਾਵੇ ਦਾ ਪ੍ਰਤੀਕਾਤਮਕ ਵਾਹਨ ਵੀ ਬਣਦੀ ਹੈ। ਇਸਦੀ ਇਕ ਚੋਣਵੀਂ ਉਦਾਹਰਣ 'ਵਾਪਸੀ' ਕਹਾਣੀ ਵਿਚੋਂ ਦਿੱਤੀ ਜਾ ਸਕਦੀ ਹੈ, ''ਮੀਂਹ ਨਾ ਪੈਣ ਕਰਕੇ ਝੋਨੇ ਦੀ ਪੈਲੀ ਵਿਚ ਤਰੇੜਾਂ ਪੈ ਕੇ ਧਰਤੀ ਪਾਟ ਗਈ ਸੀ ਤੇ ਮਿੱਟੀ ਦੇ ਖਲੇਪੜ ਉੱਚੜੇ ਹੋਏ ਸਨ। ਧਰਤੀ ਦੀ ਸਾਰੀ ਪਿਆਸ ਸਿਰ ਸੁੱਟੀ ਖੜੋਤੇ ਕੁਮਲਾਏ ਬੂਟਿਆਂ ਦੇ ਬੁਲ੍ਹਾਂ 'ਤੇ ਆਣ ਟਿਕੀ ਸੀ। . . . ਉਸ ਕਲਪਨਾ ਕੀਤੀ, ਝੋਨੇ ਵਿਚੋਂ ਸਾਰਾ ਨਦੀਣ ਪੁੱਟਿਆ ਜਾਵੇ . . . ਰੰਬੇ ਨਾਲ ਖੋਤ ਖੋਤ ਕੇ . . . ਤੇ ਫਿਰ ਰੱਜਵਾਂ ਮੀਂਹ ਪਵੇ। ਸੂਏ ਜਾਂ ਬੰਬੀ ਦਾ ਡੋਬਵਾਂ ਪਾਣੀ ਲੱਗ ਜਾਵੇ ਤਾਂ ਕੈਸੇ ਰਹੇ। 'ਚਾਹਨਾ' ਤੇ 'ਕਾਮਨਾ' ਦਾ ਨਦੀਨ ਮਨ ਵਿਚੋਂ ਪੁੱਟ ਕੇ, ਉਸ ਸੋਚਿਆ, ਮੇਰੇ 'ਤੇ ਕਾਹਦਾ ਮੀਂਹ ਪਵੇ ਤੇ ਮੈਨੂੰ ਕਾਹਦਾ ਡੋਬਾ ਆਵੇ?''[97] ਇੰਜ ਪ੍ਰਕ੍ਰਿਤੀ ਸੰਧੂ ਦੀਆਂ ਕਹਾਣੀਆਂ ਵਿਚ ਦੂਹਰਾ ਕਾਰਜ ਕਰਦੀ ਹੈ। ਵਸਤੂ ਦੀ ਪੱਧਰ 'ਤੇ ਖੇਤਾਂ ਦੀ ਯਥਾਰਥਕ ਤਸਵੀਰਕਸ਼ੀ ਵੀ ਤੇ ਪਾਤਰਾਂ ਦੀ ਮਾਨਸਿਕਤਾ ਦੇ ਚਿਨ੍ਹਾਤਮਕ ਪ੍ਰਗਟਾਵੇ ਦੇ ਮਾਧਿਆਮ ਰਾਹੀਂ ਕਹਾਣੀ ਦੀ ਵਿਧਾ ਵਿਚ ਕਲਾਤਮਕ ਪੱਖੋਂ ਕੁਝ ਨਵਾਂ ਤੇ ਵੱਖਰਾ ਜੋੜਨ ਦਾ ਵੀ।

ਇਹ ਤਾਂ ਅਸੀਂ ਜਾਣਦੇ ਹਾਂ ਕਿ ਵਰਿਆਮ ਸਿੰਘ ਸੰਧੂ ਭਾਵੇਂ ਰਾਜਨੀਤੀ ਦੀ ਗੱਲ ਕਰ ਰਿਹਾ ਹੋਵੇ ਜਾਂ ਸਮਾਜਕ-ਸਭਿਆਚਾਰਕ ਮੁੱਲ-ਵਿਧਾਨ ਦੀ, ਪੰਜਾਬ ਸੰਕਟ ਨੂੰ ਰਚਨਾ-ਵਸਤੂ ਬਣਾ ਰਿਹਾ ਹੋਵੇ ਜਾਂ ਪੰਜਾਬ ਦੀ ਖੱਬੇ ਪੱਖੀ ਲਹਿਰ ਨੂੰ, ਰਿਸ਼ਤਿਆਂ ਦੇ ਵਿਖੰਡਨ ਦੀ ਬਾਤ ਪਾ ਰਿਹਾ ਹੋਵੇ ਜਾਂ ਪੰਜਾਬ ਦੇ ਧਰਮ, ਸਦਾਚਾਰ, ਇਤਿਹਾਸ, ਸਿੱਖੀ ਜਾਂ ਪੰਜਾਬੀਅਤ ਦੇ ਸਰੋਕਾਰਾਂ ਨਾਲ ਸੰਵਾਦ ਰਚਾ ਰਿਹਾ ਹੋਵੇ ; ਗੱਲ ਕੀ ਉਸਦੀ ਕਹਾਣੀ ਦੀ ਕੋਈ ਵੀ ਪਰਤ ਜਾਂ ਪਾਸਾਰ ਪੇਸ਼ ਹੋ ਰਿਹਾ ਹੋਵੇ ਤਾਂ ਉਸ ਵਿਚ ਹਵਾਲਾ ਕੇਵਲ ਪੰਜਾਬ ਦੀ ਕਿਸਾਨੀ ਦਾ ਹੀ ਹੁੰਦਾ ਹੈ। ਪੰਜਾਬ ਦੀ ਕਿਸਾਨੀ ਉਸਦੀ ਕਹਾਣੀ ਦਾ 'ਓਢਣਾ ਤੇ ਵਿਛਾਉਣਾ' ਹੈ।

ਅਗਲਾ ਮਸਲਾ ਇਸ ਗੱਲ ਨੂੰ ਨਜਿੱਠਣ ਨਾਲ ਸੰਬੰਧਿਤ ਹੈ ਕਿ ਪੰਜਾਬ ਦੀ ਕਿਸਾਨੀ ਬਾਰੇ ਤਾਂ

ਕਈ ਰੂਪਾਂ ਵਿਚ ਗੱਲ ਹੋ ਸਕਦੀ ਹੈ। ਭਾਸ਼ਣ ਕਲਾ ਦੀ ਪੱਧਰ ’ਤੇ ਵੀ, ਪੱਤਰਕਾਰੀ ਦੀ ਪੱਧਰ ’ਤੇ ਵੀ, ਗੰਭੀਰ ਲੇਖ ਲਿਖਣ ਦੇ ਰੂਪ ਵਿਚ ਵੀ ਤੇ ਕਹਾਣੀ, ਨਾਵਲ, ਨਾਟਕ ਜਾਂ ਕਵਿਤਾ ਦੇ ਰੂਪ ਵਿਚ ਵੀ। ਭਾਵ ਇਹ ਕਿ ਕਿਸਾਨੀ ਸਮਾਜ ਨਾਲ ਜੁੜੇ ਹਰੇਕ ਸਰੋਕਾਰ ਨੇ ਜਿਸ ਵੀ ਰੂਪ-ਵਿਧਾ ਵਿਚ ਪ੍ਰਵੇਸ਼ ਕਰਨਾ ਹੈ ਤਾਂ ਉਸ ਵਿਸ਼ੇਸ਼ ਵਿਧਾ ਦੇ ਮਾਪ-ਦੰਡਾਂ ਅਨੁਸਾਰ ਹੀ ਕਰਨਾ ਹੈ ਤੇ ਉਸਦੀ ਕਲਾਤਮਿਕਤਾ ਦਾ ਨਿਰਣਾ ਨਿਰਾ ਕਿਸਾਨੀ ਸਮਾਜ ਦੀ ਵਸਤੂ ਬਣ ਜਾਣ ਨੇ ਨਿਰਧਾਰਿਤ ਨਹੀਂ ਕਰਨਾ ਸਗੋਂ ਉਸ ਵਸਤ ਦੀ ਸਾਹਿਤਕ ਪੇਸ਼ਕਾਰੀ ਦੀ ਹੁਨਰਮੰਦੀ ਨੇ ਕਰਨਾ ਹੈ। ਵਰਿਆਮ ਸਿੰਘ ਸੰਧੂ ਨੇ ਜੇ ਪੰਜਾਬੀ ਕਹਾਣੀ ਵਿਚ ਵੱਖਰਾ ਤੇ ਵਿਸ਼ੇਸ਼ ਮੁਕਾਮ ਬਣਾਇਆ ਹੈ ਤਾਂ ਇਸ ਪਿੱਛੇ ਕਿਸਾਨੀ ਸਮਾਜ ਬਾਰੇ ਉਸਦੇ ਪ੍ਰਮਾਣਿਕ ਅਨੁਭਵ ਨੇ ਜਿੱਥੇ ਉਸਦੀ ਰਚਨਾ ਨੂੰ ਤਾਕਤ ਦਿੱਤੀ ਹੈ ਉੱਥੇ ਉਸ ਰਚਨਾ-ਵਸਤੂ ਨੂੰ ਕਹਾਣੀ ਦੀ ਰੂਪ-ਵਿਧਾ ਵਿਚ ਢਾਲ ਸਕਣ ਦੀ ਉਸਦੀ ਕਲਾਕਾਰੀ ਦਾ ਅਸਲ ਯੋਗਦਾਨ ਹੈ। ਉਸਨੇ ਕਹਾਣੀ ਕਹਿਣ ਦੇ ਅੰਦਾਜ਼ ਵਿਚ ਸੱਜਰਾਪਣ ਲਿਆਂਦਾ। ਉਹ ਲੰਮੀ ਕਹਾਣੀ ਨੂੰ ਸਥਾਪਤ ਕਰਨ ਵਾਲਾ ਸਭ ਤੋਂ ਸਮਰੱਥ ਲੇਖਕ ਕਿਹਾ ਜਾਣ ਲੱਗਾ। ਇਹ ਤਾਂ ਹੀ ਸੰਭਵ ਹੋ ਸਕਿਆ ਕਿਉਂਕਿ ਉਸਦੀਆਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤੇ ਜਾਣ ਵਾਲੇ ਸੰਸਾਰ ਨਾਲ ਵੀ ਅਤਿ ਨੇੜਲੀ ਸਾਂਝ ਸੀ ਤੇ ਉਸ ਸੰਸਾਰ ਨੂੰ ਕਹਾਣੀ ਵਿਧਾ ਵਿਚ ਢਾਲ ਸਕਣ ਦੀ ਕਲਾਤਮਕ ਸਮਰਥਾ ਵੀ। ਵਰਿਆਮ ਸਿੰਘ ਸੰਧੂ ਜੇ ਵਿਸ਼ੇਸ਼ ਪ੍ਰਾਪਤੀ ਕਰ ਸਕਿਆ ਹੈ ਤਾਂ ਇਸਦਾ ਇਕ ਕਾਰਨ ਤਾਂ ਇਹ ਹੈ ਕਿ ਉਸਨੂੰ ਪੰਜਾਬ ਦੀ ਰਾਜਨੀਤੀ, ਧਰਮ, ਇਤਿਹਾਸ, ਆਰਥਿਕਤਾ ਤੇ ਸਮਾਜਕ-ਸਭਿਆਚਾਰਕ ਜੀਵਨ ਦੀ ਬਰੀਕ ਸੂਝ ਹੈ ; ਪਰ ਇਹ ਸੂਝ ਹੋਣਾ ਹੀ ਕਿਸੇ ਨੂੰ ਉੱਤਮ ਕਹਾਣੀਕਾਰ ਨਹੀਂ ਬਣਾ ਸਕਦਾ, ਜਿੰਨਾਂ ਚਿਰ ਉਸਨੂੰ ਜ਼ਿੰਦ.ਗੀ ਦੇ ਵਿਭਿੰਨ ਵਰਤਾਰਿਆਂ ਨੂੰ ਕਹਾਣੀ ਕਲਾ ਦੇ ਉੱਤਮ ਸਰੂਪ ਵਿਚ ਗੁੰਦਣ ਦੀ ਜਾਚ ਨਾ ਹੋਵੇ। ਕਹਾਣੀ ਕਹਿਣ ਦੀ ਇਸ ਜਾਚ ਦੀ ਬਦੌਲਤ ਹੀ ਵਰਿਆਮ ਸਿੰਘ ਸੰਧੂ ਜਿੱਥੇ ਪੰਜਾਬ ਦੀ ਕਿਸਾਨੀ ਦਾ ਇਕ ਵਿਰਾਟ ਗਲਪ-ਬਿੰਬ ਪ੍ਰਸਤੁਤ ਕਰਨ ਦੇ ਸਮਰੱਥ ਹੋ ਸਕਿਆ ਹੈ ਉਥੇ ਕਹਾਣੀ ਦੀ ਵਿਧਾ ਵਿਚ ਵੀ ਅਸਲੋਂ ਨਵੇਂ ਆਯਾਮ

ਜੋੜਨ ਦੀ ਇਤਿਹਾਸਕ ਕੁਸ਼ਲਤਾ ਦਾ ਪ੍ਰਦਰਸ਼ਨ ਵੀ ਕਰ ਸਕਿਆ ਹੈ। ਉਂਜ ਇਹ ਵੀ ਸੱਚ ਹੈ ਕਿ ਕੋਈ ਵੀ ਵਸਤੂ ਆਪਣੀ ਵਿਧਾ ਤੇ ਪੇਸ਼ਕਾਰੀ ਦਾ ਅੰਦਾਜ਼ ਆਪਣੇ ਨਾਲ ਲੈ ਕੇ ਆਉਂਦੀ ਹੈ, ਭਾਵ ਕਿ ਵਸਤੂ ਹੀ ਵਿਧਾ ਦੇ ਚੌਖਟੇ ਅਤੇ ਕਲਾਤਮਕਤਾ ਨੂੰ ਨਿਰਧਾਰਿਤ ਕਰਦੀ ਹੈ। ਵਰਿਆਮ ਸਿੰਘ ਸੰਧੂ ਨੇ ਜੇ ਕਹਾਣੀ ਦੀ ਵਿਧਾ ਵਿਚ ਕੁਝ ਨਵਾਂ ਜੋੜਿਆ ਹੈ ਤਾਂ ਇਸਦਾ ਮੂਲ ਸਬੱਬ ਵੀ ਉਸਦੀ ਕਹਾਣੀ ਵਿਚ ਪੇਸ਼ ਕੀਤੀ ਜਾਣ ਵਾਲੀ ਰਚਨਾ-ਵਸਤੂ ਹੀ ਬਣਦੀ ਹੈ। ਲੇਖਕ ਮੁਤਾਬਿਕ, ‘‘ਕਹਾਣੀਕਾਰ ਵਜੋਂ ਮੇਰਾ ਪਹਿਲਾ ਫ਼ਰਜ਼ ਕਹਾਣੀ ਵਿਚਲੀ ਵਸਤੂ ਨੂੰ ਤਰਕ-ਸੰਗਤ ਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨਾ ਸੀ। ਜੇ ਇਸ ਵਸਤੂ ਦੀ ਛਾਲ ਹੀ ਲੰਮੀ ਸੀ ਤਾਂ ਮੈਂ ਇਸਨੂੰ ‘ਨਿੱਕੀ ਕਹਾਣੀ’ ਦੀ ਨਿਯਮਾਵਲੀ ਦੇ ‘ਗੋਡੇ ਹੋਏ ਨਿੱਕੇ ਜਿਹੇ ਅਖਾੜੇ ਵਿਚ ਡਿੱਗ ਪੈਣ ਜਾਂ ਸਿਮਟ ਜਾਣ ਲਈ’ ਕਿਵੇਂ ਮਜਬੂਰ ਕਰ ਸਕਦਾ ਸਾਂ। ਰਚਨਾ-ਵਸਤੂ ਆਪਣੀ ਲੋੜ ਅਨੁਸਾਰ ਆਪੇ ਹੀ ਆਪਣੇ ਅਖਾੜੇ ਨੂੰ ਗੋਡਕੇ ਲੰਮਾ-ਚੌੜਾ ਕਰਨ ਲੱਗੀ।’’[98]

ਸੰਧੂ ਦੇ ਇਸੇ ਕਥਨ ਦੀ ਪੁਸ਼ਟੀ ਹਰਭਜਨ ਹਲਵਾਰਵੀ ਇਨ੍ਹਾਂ ਸ਼ਬਦਾਂ ਵਿਚ ਕਰਦਿਆਂ ਦਸਦਾ ਹੈ ਕਿ ਸੰਧੂ ਦੀਆਂ ਕਹਾਣੀਆਂ ਦਾ ਆਕਾਰ ਤੇ ਮਿਆਰ ਨਿਰਧਾਰਤ ਕਰਨ ਵਿਚ ਉਸਦੀ ਰਚਨਾ ਵਸਤੂ ਕਿਵੇਂ ਪ੍ਰੇਰਕ ਤੱਤ ਬਣੀ, ‘‘ਸਮਕਾਲੀ ਪੰਜਾਬੀ ਕਥਾ ਸਾਹਿਤ ਵਿਚ ਵਰਿਆਮ ਸਿੰਘ ਸੰਧੂ ਦੀ ਪਛਾਣ ਲੰਮੀ ਕਹਾਣੀ ਲਿਖਣ ਕਾਰਣ ਨਹੀਂ ਸਗੋਂ ਕਥਾ ਰਚਨਾ ਵਿਚ ਨਵੇਂ ਦਿਸਹੱਦੇ ਜੋੜਨ ਕਾਰਣ ਹੈ। ਉਸ ਕੋਲ ਪ੍ਰਾਪਤ ਯਥਾਰਥ ਅਨੁਭਵ ਦੀ ਮਾਤਰਾ ਏਨੀ ਜ਼ਿਆਦਾ ਹੈ ਕਿ ਨਿੱਕੀ ਕਹਾਣੀ ਦੇ ਆਕਾਰ ਵਿਚ ਸਮੁੱਚੀ ਸਮੱਗਰੀ ਨੂੰ ਸਮੇਟ ਸਕਣਾ ਸੰਭਵ ਨਹੀਂ ਹੁੰਦਾ। ਕਹਾਣੀ ਦੇ ਥੀਮ ਨਾਲ ਸੰਬੰਧਤ ਸਮਾਜਕ ਯਥਾਰਥ ਦੇ ਨਿੱਕੇ ਵੱਡੇ ਵੇਰਵੇ ਸਹਿਜ ਰੂਪ ਵਿਚ ਜੀਵੰਤ ਜੜਤ ਸਿਰਜਦੇ ਚਲੇ ਜਾਂਦੇ ਹਨ ਅਤੇ ਕਿਸੇ ਤਰਕਸ਼ੀਲ ਬੰਦ ਜਾਂ ਖੁੱਲ੍ਹੇ ਅੰਤ ਤੱਕ ਪਹੁੰਚ ਕੇ ਲੰਬੀ ਕਹਾਣੀ ਦੀ ਸਿਰਜਣਾ ਕਰ ਜਾਂਦੇ ਹਨ।’’[99] ਵਸਤੂ ਅਤੇ ਕਲਾ ਦੇ ਕਲਾਤਮਕ ਸੰਯੋਗ ਸਿਰਜ ਸਕਣ ਦੀ ਉਸਦੀ ਸਮਰਥਾ ਬਾਰੇ ਡਾ. ਨੂਰ ਦਾ ਕਥਨ ਹੈ, ‘‘ਵਰਿਆਮ ਸਿੰਘ ਸੰਧੂ ਦੀ ਕਹਾਣੀ ‘ਵਾਪਸੀ’ ਤੋਂ

ਲੈ ਕੇ 'ਮੈਂ ਹੁਣ ਠੀਕ ਠਾਕ ਹਾਂ' ਤੱਕ ਜੋ ਪੈਰਾਡਾਈਮ ਉਸਰਦਾ ਹੈ ਉਸ ਵਿਚ ਪੰਜਾਬ ਸਮੱਸਿਆ ਦਾ ਉਸ ਸਮੇਂ ਤੋਂ ਵਿਸ਼ਲੇਸ਼ਣ ਸ਼ੁਰੂ ਹੋ ਜਾਂਦਾ ਹੈ ਜਦੋਂ ਪੰਜਾਬ ਨਕਸਲੀ ਲਹਿਰ ਵਿਚੋਂ ਲੰਘਿਆ ਤੇ ਕਿਸ ਤਰ੍ਹਾਂ ਖੱਬੇ ਪੱਖੀ ਵਿਚਾਰਧਾਰਾ ਪੰਜਾਬ ਸਮੱਸਿਆ ਦਾ ਵਿਸ਼ਲੇਸ਼ਣ ਕਰਨ ਤੋਂ ਅਸਮਰਥ ਰਹੀ ਤੇ ਬਾਅਦ ਦੀਆਂ ਸਥਿਤੀਆਂ ਤੇ ਉਸ ਯਥਾਰਥ ਅਤੇ ਤ੍ਰਾਸਦੀ ਦਾ ਵਿਸਥਾਰ ਵਰਿਆਮ ਸੰਧੂ ਦੀਆਂ ਇਹਨਾਂ ਕਹਾਣੀਆਂ ਵਿਚ ਪੇਸ਼ ਹੁੰਦਾ ਹੈ। ਵਰਿਆਮ ਸਿੰਘ ਸੰਧੂ ਇਨ੍ਹਾਂ ਕਹਾਣੀਆਂ ਵਿਚ ਕਿਧਰੇ ਵੀ ਘਟਨਾਵਾਂ ਦੁਹਰਾਉਂਦਾ ਨਜ਼ਰ ਨਹੀਂ ਆਉਂਦਾ। ਇਸ ਲਈ ਇਸ ਵਿਸਥਾਰ ਦੇ ਮਰਮ ਦੀਆਂ ਉਹ ਡੂੰਘਾਣਾਂ ਲੱਭਦਾ ਹੈ ਤੇ ਇਹ ਏਸੇ ਲਈ ਸੰਭਵ ਹੁੰਦਾ ਹੈ ਕਿ ਉਸ ਨੂੰ ਸਮੱਸਿਆ ਵਿਚ ਗ੍ਰਸੇ ਮਨੁੱਖ ਦੇ ਰਾਜਸੀ ਅਵਚੇਤਨ ਨੂੰ ਪੇਸ਼ ਕਰਨ ਦੀ ਜਾਚ ਆਉਂਦੀ ਹੈ। ਉਸਦੀਆਂ ਇਨ੍ਹਾਂ ਕਹਾਣੀਆਂ ਦੀ ਖੂਬਸੂਰਤੀ ਕੇਵਲ ਰਾਜਸੀ ਅਵਚੇਤਨ ਦੀ ਪਕੜ ਕਰਕੇ ਨਹੀਂ ਸਗੋਂ ਦੋ ਹੋਰ ਗੱਲਾਂ ਸਾਨੂੰ ਵਧੇਰੇ ਪ੍ਰਭਾਵਿਤ ਕਰਦੀਆਂ ਹਨ। ਪਹਿਲੀ ਗੱਲ ਏਸ ਰਾਜਸੀ ਅਵਚੇਤਨ ਦੇ ਵਿਸਥਾਰ ਲਈ ਢੁਕਵੀਂ ਕਹਾਣੀ ਦੀ ਵਿਧਾ ਜਾਂ ਸੰਰਚਨਾ ਜਿਸ ਵਿਚ ਗਲਪ ਸਿਰਜਣ ਦੀ ਵਿਲੱਖਣ ਯੋਗਤਾ ਹੈ ਅਤੇ ਦੂਜੀ ਗੱਲ ਇਹ ਹੈ ਕਿ ਇਹ ਕਹਾਣੀਆਂ ਸਿਰਫ ਘਟਨਾਵਾਂ ਦੇ ਪ੍ਰਵਾਹ ਨਾਲ ਸੰਬੰਧਤ ਨਹੀਂ ਸਗੋਂ ਇਕ ਦਾਰਸ਼ਨਿਕ ਪਰਿਪੇਖ ਨੂੰ ਵੀ ਸਾਡੇ ਸਾਹਮਣੇ ਰੱਖਦੀਆਂ ਹਨ। . . . ਇਸ ਰੂਪ ਵਿਚ ਅਜਿਹੀ ਕਹਾਣੀ ਬਹੁ-ਪਰਤੀ ਵੀ ਹੋ ਜਾਂਦੀ ਹੈ ਤੇ ਸਹੀ ਅਰਥਾਂ ਵਿਚ ਕਲਾਸਿਕ ਦਾ ਰੂਪ ਵੀ ਧਾਰਦੀ ਹੈ।"[100]

ਉਸਦੀਆਂ ਕਹਾਣੀਆਂ ਵਿਚ ਪੰਜਾਬ ਦੀ ਕਿਸਾਨੀ ਦੀ ਰਾਜਨੀਤੀ, ਆਰਥਕਤਾ, ਧਰਮ ਤੇ ਸਮਾਜਕ-ਸਭਿਆਚਾਰਕ ਜੀਵਨ ਦੀ ਜਟਿਲ ਤੇ ਬਹੁ-ਪਰਤੀ ਤਸਵੀਰ ਇਸ ਕਲਾਤਮਕ ਮੁਹਾਵਰੇ ਨਾਲ ਚਿਤਰੇ ਜਾਣ ਦਾ ਹੀ ਫਲ ਹੈ ਕਿ ਪੰਜਾਬੀ ਦੇ ਮੰਨੇ-ਪ੍ਰਮੰਨੇ ਆਲੋਚਕਾਂ ਨੂੰ ਉਸਦੀਆਂ ਕਹਾਣੀਆਂ ਕਲਾਸਿਕ ਮਹੱਤਵ ਵਾਲੀਆਂ ਨਜ਼ਰ ਆਉਂਦੀਆਂ ਹਨ। ਡਾ. ਅਤਰ ਸਿੰਘ ਉਸਦੀਆਂ ਕਹਾਣੀਆਂ ਦੇ ਹਵਾਲੇ ਨਾਲ ਲਿਖਦੇ ਹਨ, "ਵਰਿਆਮ ਸਿੰਘ ਸੰਧੂ ਨੇ ਆਪਣੇ ਮਾਨਵਵਾਦੀ

ਪਰਿਪੇਖ ਨੂੰ ਹੋਰ ਵੀ ਨਿਸ਼ਠਾ ਨਾਲ ਕਾਇਮ ਰੱਖਿਆ ਹੈ, ਉਸਦਾ ਸੰਬੋਧਨ ਪੰਜਾਬੀ ਜਾਂ ਭਾਰਤੀ ਮਾਨਸਿਕਤਾ ਤੱਕ ਸੀਮਤ ਨਹੀਂ ਰਿਹਾ ਸਗੋਂ ਸਮੁੱਚੀ ਮਾਨਵਤਾ ਤੱਕ ਫੈਲ ਗਿਆ ਹੈ।"[101] ਇੰਜ ਹੀ ਰਵਿੰਦਰ ਰਵੀ ਮੁਤਾਬਿਕ ਵਰਿਆਮ ਦੀ ਕਹਾਣੀ 'ਵਾਪਸੀ' ਪੰਜਾਬੀ ਦੀ ਹੀ ਨਹੀਂ ਸਗੋਂ ਵਿਸ਼ਵ ਕਹਾਣੀ ਦੀ ਇਕ ਉੱਤਮ ਪ੍ਰਾਪਤੀ ਹੈ।"[102]

ਪੰਜਾਬ ਦੇ ਕਿਸਾਨੀ ਜੀਵਨ ਦੇ ਅਨੇਕਾਂ ਪਾਸਾਰ ਤੇ ਪਰਤਾਂ ਨੂੰ ਸਮੁੱਚਤਾ ਵਿਚ ਉਭਾਰਨ ਦੇ ਯਤਨ ਅਧੀਨ ਹੀ ਵਰਿਆਮ ਸਿੰਘ ਸੰਧੂ ਨੇ ਕਹਾਣੀ ਦੀ ਵਿਧਾ ਵਿਚ ਨਵੇਂ ਆਯਾਮ ਜੋੜਨ ਦੀ ਜੋ ਅਭੂਤਪੂਰਵ ਸਫਲਤਾ ਹਾਸਲ ਕੀਤੀ ; ਇਸ ਪ੍ਰਸੰਗ ਵਿਚ ਉਸਦੀ ਬਿਰਤਾਂਤ ਦ੍ਰਿਸ਼ਟੀ ਦੀ ਵਿਸ਼ੇਸ਼ਤਾ ਦੀ ਨਿਸ਼ਾਨਦੇਹੀ ਹੀ ਕਰਦਿਆਂ ਡਾ. ਗੁਰਲਾਲ ਸਿੰਘ ਦਾ ਕਥਨ ਵਾਚਣਯੋਗ ਹੈ, "ਸੰਧੂ ਦੀ ਬਿਰਤਾਂਤ ਦ੍ਰਿਸ਼ਟੀ ਦੀ ਵਿਸ਼ੇਸ਼ਤਾ ਕਿਸੇ ਗੱਲ ਨੂੰ ਅਨੇਕਾਂ ਪੱਧਰਾਂ 'ਤੇ ਫੈਲਾਅ ਦੇਣ ਵਿਚ ਹੈ। ਇਕੋ ਗੱਲ ਦੀਆਂ ਕਈ ਪੱਧਰਾਂ, ਕਈ ਪਾਸਾਰ ਹੁੰਦੇ ਹਨ। . . . ਜਿਸ ਨਾਲ ਯਥਾਰਥ ਪ੍ਰਤੱਖਣ ਵਿਚ ਧਿਰਾਂ ਦਾ ਨਿਖੇੜਾ ਸਰਲ ਨਾ ਰਹਿਕੇ ਗਤੀਸ਼ੀਲ ਤੇ ਜਟਿਲ ਰੂਪ ਗ੍ਰਹਿਣ ਕਰ ਜਾਂਦਾ ਹੈ, ਜੋ ਸੰਧੂ ਦੀ ਬਿਰਤਾਂਤ ਦ੍ਰਿਸ਼ਟੀ ਦੇ ਯਥਾਰਥਕ ਹੋਣ ਦੀ ਗਵਾਹੀ ਭਰਦਾ ਹੈ।"[103] ਕਿਸੇ ਵੀ ਲੇਖਕ ਦੀ ਬਿਰਤਾਂਤ ਦ੍ਰਿਸ਼ਟੀ ਦੇ ਪਿਛੋਕੜ ਵਿਚ ਜੀਵਨ ਨੂੰ ਵੇਖਣ ਤੇ ਪੇਸ਼ ਕਰਨ ਵਾਲਾ ਲੇਖਕੀ-ਦ੍ਰਿਸ਼ਟੀਕੋਣ ਕਾਰਜਸ਼ੀਲ ਹੁੰਦਾ ਹੈ। ਇਹੋ ਦ੍ਰਿਸ਼ਟੀਕੋਣ ਹੀ ਹੈ ਜਿਸ ਸਦਕਾ ਉਸਦੇ ਪਾਤਰ ਅਤਿ ਦੀਆਂ ਪ੍ਰਤਿਕੂਲ ਤੇ ਮਾਰੂ ਸਥਿਤੀਆਂ ਦੇ ਵਾਰ ਸਹਿੰਦੇ ਹੋਏ ਵੀ ਹਾਰ ਨਹੀਂ ਮੰਨਦੇ, ਡਿੱਗਦੇ ਹਨ, ਪਰ ਨਵੀਂ ਲੜਾਈ ਲੜਨ ਲਈ ਮੁੜ ਤੋਂ ਤਿਆਰ ਹੋ ਜਾਂਦੇ ਹਨ।

ਇੰਜ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚੋਂ ਵੀਹਵੀਂ ਸਦੀ ਦੇ ਪੰਜਾਬ ਦਾ ਪਿੰਡ ਆਪਣੀਆਂ ਸਾਰੀਆਂ ਵਿਭਿੰਨਤਾਵਾਂ ਸਮੇਤ ਗਤੀ ਤੇ ਦਿਸ਼ਾ ਗ੍ਰਹਿਣ ਕਰਦਾ ਹੈ। ਪੰਜਾਬ ਦੇ ਸਮਾਜ ਸਭਿਆਚਾਰ ਅਤੇ ਹੋਰ ਅਨੇਕਾਂ ਪ੍ਰਸੰਗ ਉਸਦੀਆਂ ਕਹਾਣੀਆਂ ਦੀ ਰਚਨਾ-ਵਸਤੂ ਬਣੇ ਹਨ। ਪਿੰਡਾਂ ਦੀ ਵਧੇਰੇ ਵਸੋਂ ਕਿਸਾਨੀ ਦੀ ਹੈ ਜਿਹੜੀਆਂ ਦੂਜੀਆਂ ਧਿਰਾਂ

ਜਾਂ ਸ਼੍ਰੇਣੀਆਂ ਪਿੰਡਾਂ ਵਿਚ ਵਸਦੀਆਂ ਹਨ, ਉਨ੍ਹਾਂ ਦੀ ਨਿਰਭਰਤਾ ਵੀ ਕਿਸੇ ਨਾ ਕਿਸੇ ਰੂਪ ਵਿਚ ਖੇਤੀ ਉੱਪਰ ਹੀ ਹੈ। ਇਸ ਲਈ ਪੰਜਾਬ ਦੇ ਪਿੰਡ ਦਾ ਅਸਲੀ ਸਭਿਆਚਾਰ ਕਿਸਾਨੀ ਸਭਿਆਚਾਰ ਹੀ ਹੈ। ਇਸ ਸਭਿਆਚਾਰ ਦੀਆਂ ਪਰਤਾਂ ਫਰੋਲਦਿਆਂ, ਸੰਧੂ ਦੀਆਂ ਕਹਾਣੀਆਂ ਵਿਚ ਕਿਸਾਨੀ ਦੇ ਆਪਸੀ ਵਰਗਾਂ ਦਾ ਆਪਸ ਵਿਚ ਤੇ ਦੂਜੇ ਵਰਗਾਂ ਨਾਲ ਤਨਾਓਸ਼ੀਲ ਰਿਸ਼ਤਾ ਬੜੀ ਗਹਿਨਤਾ ਨਾਲ ਪੇਸ਼ ਹੋਇਆ ਹੈ। ਸਾਰੀਆਂ ਧਿਰਾਂ ਦੇ ਆਪਸੀ ਸੰਬੰਧ ਸਰਲ ਜਾਂ ਇਕਹਿਰੇ ਨਾ ਹੋਣ ਕਰਕੇ ਸੰਧੂ ਦੀਆਂ ਕਹਾਣੀਆਂ ਇਨ੍ਹਾਂ ਦੀ ਜਟਿਲਤਾ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਵਾਚਦੀਆਂ ਹਨ ਤੇ ਜ਼ਿੰਦਗੀ ਜੀਣ ਦਾ ਇਕ ਦਾਰਸ਼ਨਿਕ ਪਰਿਪੇਖ ਵੀ ਸਿਰਜਦੀਆਂ ਹਨ ਉਹ 'ਜੋ ਹੈ' ਨੂੰ ਇਸ ਕਲਾਤਮਕ ਅੰਦਾਜ਼ ਵਿਚ ਚਿਤਰਦਾ ਹੈ ਕਿ 'ਜੋ ਚਾਹੀਦਾ ਹੈ' ਲਈ ਵੀ ਪਾਠਕ ਨੂੰ ਅੰਤਰ-ਦ੍ਰਿਸ਼ਟੀ ਮੁਹੱਈਆ ਹੋ ਜਾਂਦੀ ਹੈ। ਉਸਨੂੰ ਪੰਜਾਬੀ ਕਹਾਣੀ ਦੇ ਇਤਹਾਸ ਵਿਚ ਜੇ ਵਿਸ਼ੇਸ਼ ਸਥਾਨ ਹਾਸਲ ਹੈ ਤਾਂ ਇਸਦਾ ਕਾਰਣ ਇਹ ਹੈ ਕਿ ਉਹ ਆਪਣੀ ਰਚਨਾ-ਵਸਤੂ ਦੇ ਹਾਣ ਦਾ ਢੁੱਕਵਾਂ ਵਿਧਾਗਤ ਸਰੂਪ ਤਲਾਸ਼ਣ ਵਿਚ ਕਾਮਯਾਬ ਹੋਇਆ ਹੈ। ਕੇਵਲ ਵਸਤੂ ਦੇ ਨਵੇਂਪਣ ਜਾਂ ਵੱਖਰੇਪਣ ਕਰਕੇ ਨਹੀਂ ਸਗੋਂ ਉਸਨੂੰ ਪੇਸ਼ ਕਰਨ ਦੇ ਨਵੇਂ ਤੇ ਵੱਖਰੇ ਅੰਦਾਜ਼ ਨੇ ਵੀ ਉਸਨੂੰ ਪੰਜਾਬੀ ਕਹਾਣੀ ਦਾ ਜ਼ਿਕਰਯੋਗ ਹਸਤਾਖ਼ਰ ਬਣਾਇਆ ਹੈ। ਪੰਜਾਬ ਦੇ ਨਾਮਵਰ ਆਲੋਚਕਾਂ ਨੂੰ ਜੇ ਉਸਦੀਆਂ ਕਹਾਣੀਆਂ ਵਿਚੋਂ ਸੰਸਾਰ ਪੱਧਰ ਦੀਆਂ ਕਲਾਸਿਕ ਲਿਖਤਾਂ ਵਰਗਾ ਝੌਲਾ ਪੈਂਦਾ ਹੈ ਤਾਂ ਇਹ ਉਨ੍ਹਾਂ ਦਾ ਕੋਈ ਦ੍ਰਿਸ਼ਟੀ-ਭਰਮ ਨਹੀਂ ਸਗੋਂ ਸੰਧੂ ਦੀ ਅਨੁਭਵ ਦੀ ਪ੍ਰਮਾਣਿਕ ਤਾਜ਼ਗੀ ਅਤੇ ਪੇਸ਼ਕਾਰੀ ਦੀ ਨਵੀਨਤਾ ਤੇ ਮੌਲਿਕਤਾ ਹੀ ਉਨ੍ਹਾਂ ਦੇ ਕਥਨਾਂ ਦਾ ਆਧਾਰ ਸੂਤਰ ਬਣਦੀ ਹੈ।

# ਹਵਾਲੇ ਤੇ ਟਿੱਪਣੀਆਂ


1. ਵਰਿਆਮ ਸਿੰਘ ਸੰਧੂ, *ਸਾਹਿਤਕ ਸਵੈ ਜੀਵਨੀ,* ਪੰਨਾ 245.

2. ਉਹੀ, *ਹੁਣ,* ਮਈ-ਅਗਸਤ 2011, ਪੰਨਾ 40.

3. ਡਾ. ਰਘਬੀਰ ਸਿੰਘ, "ਕਹਾਣੀਕਾਰ ਵਰਿਆਮ ਸਿੰਘ ਸੰਧੂ", *ਆਲੋਚਨਾ,* ਜਨਵਰੀ-ਮਾਰਚ 2001. ਪੰਨਾ 23.

4. ਕੁਲਵੰਤ ਸਿੰਘ ਵਿਰਕ, ਵੈੱਬਸਾਈਟ।

5. ਡਾ. ਰਘਬੀਰ ਸਿੰਘ, "ਕਹਾਣੀਕਾਰ ਵਰਿਆਮ ਸਿੰਘ ਸੰਧੂ", *ਆਲੋਚਨਾ,* ਜਨਵਰੀ-ਮਾਰਚ 2001. ਪੰਨੇ 22-23.

6. ਵਰਿਆਮ ਸਿੰਘ ਸੰਧੂ, *ਸਾਹਿਤਕ ਸਵੈ ਜੀਵਨੀ,* ਪੰਨਾ 83.

7. ਡਾ. ਰਘਬੀਰ ਸਿੰਘ, "ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਕਿਰਸਾਣੀ ਜੀਵਨ", *ਸਿਰਜਣਾ,* ਅਕਤੂਬਰ-ਦਸੰਬਰ 1992, ਪੰਨਾ 40.

8. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ ਤੇ ਹੋਰ ਕਹਾਣੀਆਂ,* ਪੰਨਾ 83.

9. *ਉਹੀ,* ਪੰਨਾ 20.

10. *ਉਹੀ,* ਪੰਨਾ 22.

11. *ਉਹੀ,* ਪੰਨਾ 23.

12. *ਉਹੀ,* ਪੰਨਾ 29.

13. *ਉਹੀ,* ਪੰਨਾ 82.

14. *ਉਹੀ,* ਪੰਨਾ 21.

15. ਜੋਗਿੰਦਰ ਸਿੰਘ ਰਾਹੀ (ਸੰਪ.), *ਰੂਪ ਅਨੂਪ,* ਪੰਨਾ 189.

16. ਵਰਿਆਮ ਸਿੰਘ ਸੰਧੂ, *ਸਾਹਿਤਕ ਸਵੈ ਜੀਵਨੀ,* ਪੰਨੇ 208-209.

17. ਰਮਣੀਕ ਸੰਧੂ, *ਗਲਪ ਸਮੀਖਿਆ,* ਪੰਨਾ 100.

18. ਡਾ. ਸੁਤਿੰਦਰ ਸਿੰਘ ਨੂਰ, "ਵਰਿਆਮ ਸਿੰਘ ਸੰਧੂ ਦੇ 'ਤਿਲ਼ ਫੁੱਲ' ", *ਪੰਜਾਬੀ ਟ੍ਰਿਬਿਊਨ,* 24 ਦਸਬੰਰ, 2000.

19. ਵਰਿਆਮ ਸਿੰਘ ਸੰਧੂ, *ਸਾਹਿਤਕ ਸਵੈ ਜੀਵਨੀ,* ਪੰਨਾ 248.

20. ਉਹੀ, *ਤਿਲ਼ ਫੁੱਲ,* ਪੰਨਾ 365.

21. ਉਹੀ ਤੇ ਬਲਦੇਵ ਸਿੰਘ ਚੀਮਾ (ਸੰਪ.), *ਕਥਾ ਰੰਗ,* ਪੰਨਾ 104.

22. *ਹੁਣ,* ਮਈ-ਅਗਸਤ 2011, ਪੰਨਾ 42.

23. ਡਾ. ਰਘਬੀਰ ਸਿੰਘ, *ਆਲੋਚਨਾ,* ਪੰਨਾ 24.

24. ਡਾ. ਤੇਜਵੰਤ ਸਿੰਘ ਗਿੱਲ, *"ਸੋਵੀਨਾਰ - ਵਿਰਕ ਪੁਰਸਕਾਰ",* ਪੰਨਾ 41.

25. ਜੋਗਿੰਦਰ ਸਿੰਘ ਕੈਰੋਂ, *ਮਾਸਿਕ ਵਰਿਆਮ,* 'ਵਰਿਆਮ ਸਿੰਘ ਸੰਧੂ ਅੰਕ', ਨਵੰਬਰ 1993, ਪੰਨਾ 63.

26. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ,* ਪੰਨਾ 169.

27. ਡਾ. ਕੀਰਤੀ ਕੇਸਰ, *ਪੰਜਾਬੀ ਕਹਾਣੀ ਆਲੋਚਨਾ - ਰੂਪ ਤੇ ਰੁਝਾਨ,* (ਸੰਪ. ਵਰਿਆਮ ਸਿੰਘ ਸੰਧੂ), ਪੰਨਾ 61.

28. ਜੋਗਿੰਦਰ ਸਿੰਘ ਕੈਰੋਂ, *ਮਾਸਿਕ ਵਰਿਆਮ,* 'ਵਰਿਆਮ ਸਿੰਘ ਸੰਧੂ ਅੰਕ', ਨਵੰਬਰ 1993, ਪੰਨਾ 61.

29. ਵਰਿਆਮ ਸਿੰਘ ਸੰਧੂ, *ਨਾਵਲਕਾਰ ਸੋਹਣ ਸਿੰਘ ਸੀਤਲ : ਸਮਾਜ ਸ਼ਾਸਤਰੀ ਪਰਿਪੇਖ,* ਪੰਨਾ 58.

30. ਉਹੀ, *ਤਿਲ਼ ਫੁੱਲ,* ਪੰਨਾ 390.

31. *ਉਹੀ,* ਪੰਨਾ 383.

32. ਉਹੀ, *ਸਾਹਿਤਕ ਸਵੈ ਜੀਵਨੀ,* ਪੰਨਾ 77.

33. ਡਾ. ਧਨਵੰਤ ਕੌਰ, *ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰ ਅਧਿਅਨ,* ਪੰਨਾ 147.

34. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ,* ਪੰਨਾ 283.

35. *ਉਹੀ,* ਪੰਨਾ 320.

36. *ਉਹੀ,* ਪੰਨਾ 308.

37. *ਉਹੀ,* ਪੰਨਾ 180.

38. *ਉਹੀ,* ਪੰਨਾ 218.

39. *ਉਹੀ,* ਪੰਨਾ 233.

40. ਉਹੀ, *ਸਾਹਿਤਕ ਸਵੈ ਜੀਵਨੀ,* ਪੰਨਾ 79.

41. *ਉਹੀ,* ਪੰਨਾ 80.

42. ਲਖਵਿੰਦਰ ਸਿੰਘ ਜੌਹਲ, *ਪੰਜਾਬੀ ਕਹਾਣੀ : ਨਵੀਨ ਪ੍ਰਵਿਰਤੀਆਂ,* (ਸੰਪ. ਡਾ. ਧਰਮਪਾਲ ਸਿੰਗਲ ਤੇ ਗੁਰਲਾਲ ਸਿੰਘ), ਪੰਨਾ 108.

43. ਬਲਦੇਵ ਸਿੰਘ ਧਾਲੀਵਾਲ, *ਵਰਿਆਮ ਸਿੰਘ ਸੰਧੂ ਦੀ ਕਹਾਣੀ : ਸਰੂਪ ਤੇ ਵਿਵੇਕ,* ਪੰਨਾ 99.

44. ਵਰਿਆਮ ਸਿੰਘ ਸੰਧੂ, *ਸਾਹਿਤਕ ਸਵੈ ਜੀਵਨੀ,* ਪੰਨਾ 80.

45. ਬਲਦੇਵ ਸਿੰਘ ਧਾਲੀਵਾਲ, *ਵਰਿਆਮ ਸਿੰਘ ਸੰਧੂ ਦੀ ਕਹਾਣੀ : ਸਰੂਪ ਤੇ ਵਿਵੇਕ,* ਪੰਨਾ 99.

46. *ਉਹੀ,* ਪੰਨਾ 104.

47. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ,* ਪੰਨਾ 98.

48. ਡਾ. ਬਲਕਾਰ ਸਿੰਘ, *ਮਾਸਿਕ ਵਰਿਆਮ,* ਨਵੰਬਰ 1993, ਪੰਨਾ 61.

49. ਗੁਰਬਚਨ, *ਮਾਸਿਕ ਵਰਿਆਮ,* ਨਵੰਬਰ 1993, ਪੰਨਾ 35.

50. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ,* ਪੰਨਾ 180.

51. *ਉਹੀ।*

52. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ*, ਪੰਨਾ 33.

53. *ਉਹੀ*, ਪੰਨਾ 17.

54. *ਉਹੀ*, ਪੰਨਾ 121.

55. ਉਹੀ, *ਤਿਲ਼ ਫੁੱਲ ਤੇ ਹੋਰ ਕਹਾਣੀਆਂ*, ਪੰਨਾ 20.

56. ਉਹੀ, *ਤਿਲ਼ ਫੁੱਲ*, ਪੰਨਾ 148.

57. ਉਹੀ, *ਤਿਲ਼ ਫੁੱਲ ਤੇ ਹੋਰ ਕਹਾਣੀਆਂ*, ਪੰਨਾ 96.

58. ਉਹੀ, *ਪੜ੍ਹਿਆ ਵਾਚਿਆ*, ਪੰਨਾ 252.

59. ਉਹੀ, *ਤਿਲ਼ ਫੁੱਲ*, ਪੰਨਾ 465.

60. ਬਲਦੇਵ ਸਿੰਘ ਧਾਲੀਵਾਲ, *ਵਰਿਆਮ ਸਿੰਘ ਸੰਧੂ ਦੀ ਕਹਾਣੀ : ਸਰੂਪ ਤੇ ਵਿਵੇਕ*, ਪੰਨਾ 59.

61. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ*, 314.

62. *ਉਹੀ*, ਪੰਨਾ 344.

63. *ਉਹੀ*, ਪੰਨਾ 294.

64. ਉਹੀ, *ਪੜ੍ਹਿਆ ਵਾਚਿਆ*, ਪੰਨਾ 67.

65. ਡਾ. ਧਨਵੰਤ ਕੌਰ, *ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰ ਅਧਿਅਨ*, ਪੰਨਾ 147.

66. ਵਰਿਆਮ ਸਿੰਘ ਸੰਧੂ, *ਸਾਹਿਤਕ ਸਵੈ ਜੀਵਨੀ*, ਪੰਨਾ 101.

67. ਉਹੀ, *ਤਿਲ਼ ਫੁੱਲ*, ਪੰਨਾ 265.

68. ਡਾ. ਅਤਰ ਸਿੰਘ, *ਸਾਹਿਤ ਸੰਵੇਦਨਾ*, ਪੰਨਾ 211.

69. ਡਾ. ਧਨਵੰਤ ਕੌਰ, *ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰ ਅਧਿਅਨ*, ਪੰਨਾ 147.

70. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ*, ਪੰਨਾ 140.

71. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ,* ਪੰਨੇ 366-367.

72. ਡਾ. ਅਤਰ ਸਿੰਘ, *ਸਾਹਿਤ ਸੰਵੇਦਨਾ,* ਪੰਨਾ 212.

73. ਡਾ. ਧਨਵੰਤ ਕੌਰ, *ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰ ਅਧਿਅਨ,* ਪੰਨਾ 11.

74. ਰਘਬੀਰ ਸਿੰਘ, "ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਕਿਰਸਾਣੀ ਜੀਵਨ", *ਸਿਰਜਣਾ,* ਅਕਤੂਬਰ-ਦਸੰਬਰ 1992, ਪੰਨਾ 42.

75. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ,* ਪੰਨਾ 272.

76. ਬਲਦੇਵ ਸਿੰਘ ਧਾਲੀਵਾਲ, *ਪੰਜਾਬੀ ਕਹਾਣੀ ਦਾ ਇਤਿਹਾਸ,* ਪੰਨਾ 279.

77. ਸੰਤ ਸਿੰਘ ਸੇਖੋਂ, "ਪੰਜਾਬੀ ਕਹਾਣੀ ਦੇ ਨਵੇਂ ਪ੍ਰਯੋਗ", *ਪੰਜਾਬੀ ਕਹਾਣੀ : ਨਵੀਨ ਪ੍ਰਵਿਰਤੀਆਂ,* (ਸੰਪ. ਡਾ. ਧਰਮਪਾਲ ਸਿੰਗਲ ਤੇ ਗੁਰਲਾਲ ਸਿੰਘ), ਪੰਨਾ 129.

78. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ,* 276.

79. *ਉਹੀ,* ਪੰਨਾ 134.

80. *ਉਹੀ,* ਪੰਨਾ 274.

81. *ਉਹੀ,* ਪੰਨਾ 314.

82. *ਉਹੀ,* ਪੰਨਾ 180.

83. ਅਜੀਤ ਸਿੰਘ ਸ਼ਾਹੀ, *ਵਰਿਆਮ ਸਿੰਘ ਸੰਧੂ ਦੀ ਗਲਪ ਚੇਤਨਾ,* ਪੰਨਾ 36.

84. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ,* ਪੰਨਾ 230.

85. *ਉਹੀ,* ਪੰਨਾ 381.

86. *ਉਹੀ,* ਪੰਨਾ 309.

87. ਰਮਣੀਕ ਸੰਧੂ, *ਗਲਪ ਸਮੀਖਿਆ,* ਪੰਨਾ 59.

88. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ,* ਪੰਨਾ 259.

89. *ਉਹੀ,* ਪੰਨਾ 108.

90. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ,* ਪੰਨਾ 271.

91. *ਉਹੀ,* ਪੰਨਾ 350.

92. *ਉਹੀ,* ਪੰਨਾ 354.

93. *ਉਹੀ,* ਪੰਨਾ 99.

94. *ਉਹੀ,* ਪੰਨਾ 49.

95. ਰਘਬੀਰ ਸਿੰਘ, "ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਕਿਰਸਾਣੀ ਜੀਵਨ", *ਸਿਰਜਣਾ,* ਅਕਤੂਬਰ-ਦਸੰਬਰ 1992, ਪੰਨਾ 45.

96. *ਉਹੀ।*

97. ਵਰਿਆਮ ਸਿੰਘ ਸੰਧੂ, *ਤਿਲ਼ ਫੁੱਲ,* ਪੰਨਾ 145.

98. ਉਹੀ, *ਸਾਹਿਤਕ ਸਵੈ ਜੀਵਨੀ,* ਪੰਨਾ 208.

99. ਹਰਭਜਨ ਹਲਵਾਰਵੀ, *ਮਾਸਿਕ ਵਰਿਆਮ,* 'ਵਰਿਆਮ ਸਿੰਘ ਸੰਧੂ ਅੰਕ', ਨਵੰਬਰ 1993, ਪੰਨਾ 15.

100. ਸੁਤਿੰਦਰ ਸਿੰਘ ਨੂਰ, *ਉਹੀ,* ਪੰਨਾ 28.

101. ਡਾ. ਅਤਰ ਸਿੰਘ, *ਉਹੀ,* ਪੰਨਾ 10.

102. ਰਵਿੰਦਰ ਰਵੀ, *ਉਹੀ,* ਪੰਨਾ 64.

103. ਡਾ. ਗੁਰਲਾਲ ਸਿੰਘ, *ਉਹੀ,* ਪੰਨਾ 52.

✤✤✤✤✤